@Qpatrika
@qaumipatrika punjabi
instagram.com/qaumipatrika
Largest Circulated
C M Y K

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 2 July 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 2 ਜੁਲਾਈ 2026, 18 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 238, qpatrika@gmail.com ਫੋਨ : 9971359517 www.qaumipatrika.org

## ਕਾਂਗਰਸ ਨੇ ਰੱਖਿਆ ਮੰਤਰੀ ਖ਼ਿਲਾਫ਼ ਲੋਕ ਸਭਾ ’ਚ ਵਿਸ਼ੇਸ਼ ਅਧਿਕਾਰ ਹਨਨ ਦਾ ਦਿੱਤਾ ਨੋਟਿਸ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 1 ਜੁਲਾਈ। ਕਾਂਗਰਸ ਦੇ ਸੰਗਠਨ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਖ਼ਲਾਫ਼ ਲੋਕ ਸਭਾ ’ਚ ਵਿਸ਼ੇਸ਼ ਅਧਿਕਾਰ ਹਨਨ ਦਾ ਨੋਟਿਸ ਦਿੱਤਾ ਅਤੇ ਦੋਸ਼ ਲਗਾਇਆ ਕਿ ਸਿੰਘ ਨੇ ’ਆਪਰੇਸ਼ਨ ਸਿੰਦੂਰ’ ਦੌਰਾਨ ਫ਼ੌਜੀਆਂ ਦੇ ਸ਼ਹੀਦ ਹੋਣ ਦੇ ਸੰਬੰਧ ’ਚ ਸਦਨ ਨੂੰ ਗੁੰਮਰਾਹ ਕੀਤਾ। ਵੇਣੂਗੋਪਾਲ ਨੇ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਅਪੀਲ ਕੀਤੀ ਕਿ ਸਦਨ ਨੂੰ ਗੁੰਮਰਾਹ ਕਰਨ ਲਈ ਰੱਖਿਆ ਮੰਤਰੀ ਖ਼ਲਾਫ਼ ਵਿਸ਼ੇਸ਼ ਅਧਿਕਾਰ ਹਨਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ। ਉਨ੍ਹਾਂ ਨੇ ਨੋਟਿਸ ’ਚ ਕਿਹਾ ਕਿ ਪਹਿਲਗਾਮ ਅੱਤਵਾਦੀ ਹਮਲੇ ਅਤੇ ’ਆਪਰੇਸ਼ਨ ਸਿੰਦੂਰ’ ’ਤੇ ਲੋਕ ਸਭਾ ’ਚ 28 ਜੁਲਾਈ 2025 ਨੂੰ ਹੋਈ ਚਰਚਾ ਦੌਰਾਨ ਰੱਖਿਆ ਮੰਤਰੀ ਨੇ ਸਦਨ ’ਚ ਕਿਹਾ ਸੀ,’’ਤੁਸੀਂ ਪ੍ਰਸ਼ਨ ਪੁੱਛਣਾ



ਹੈ ਤਾਂ ਇਹ ਪੁੱਛੋ ਕਿ ਕੀ ਇਸ ਆਪਰੇਸ਼ਨ ’ਚ ਸਾਡੇ ਫੌਜੀਆਂ ਨੂੰ ਕੋਈ ਨੁਕਸਾਨ ਹੋਇਆ ਤਾਂ ਉਸ ਦਾ ਉੱਤਰ ਹੈ ਨਹੀਂ।’’ ਕਾਂਗਰਸ ਆਗੂ ਨੇ ਦਾਅਵਾ ਕੀਤਾ ਕਿ ਇਸ ਦੇ ਉਲਟ ਬਾਅਦ ’ਚ ਜਾਰੀ ਇਕ ਅਧਿਕਾਰਤ ਬਿਆਨ ’ ਦੱਸਿਆ ਗਿਆ ਕਿ ’ਆਪਰੇਸ਼ਨ ਸਿੰਦੂਰ’ ਦੌਰਾਨ ਹਥਿਆਰਬੰਦ ਫ਼ੋਰਸਾਂ ਦੇ 6 ਜਵਾਨਾਂ ਦੀ ਮੌਤ ਹੋ ਗਈ ਸੀ। ਇਨ੍ਹਾਂ ’ਚ ਭਾਰਤੀ ਫ਼ੌਜ ਦੇ ਸੂਬੇਦਾਰ ਮੇਜਰ ਪਵਨ ਕੁਮਾਰ, ਰਾਈਫਲਮੈਨ ਸੁਨੀਲ ਕੁਮਾਰ, ਲਾਂਸ ਨਾਇਕ ਦਿਨੇਸ਼ ਕੁਮਾਰ, ਏਵੀਏਸ਼ਨ ਟੈਕਨੀਸ਼ੀਅ ਐੱਮ. ਮੁਰਲੀਨਾਇਕ, ਹੌਲਦਾਰ ਸੁਨੀਲ ਕੁਮਾਰ ਸਿੰਘ ਅਤੇ ਭਾਰਤੀ ਹਵਾਈ ਫ਼ੌਜ ਦੇ ਸਾਰਜੇਂਟ ਸੁਰੇਂਦਰ ਕੁਮਾਰ ਸ਼ਾਮਲ ਹਨ। ਵੇਣੂਗੋਪਾਲ ਨੇ ਆਪਣੇ ਨੋਟਿਸ ’ਚ ਦਾਅਵਾ ਕੀਤਾ ਕਿ ਇਨ੍ਹਾਂ ਤੱਥਾਂ ਤੋਂ ਸਪੱਸ਼ਟ ਹੈ ਕਿ ਰੱਖਿਆ ਮੰਤਰੀ ਦਾ ਸਦਨ ’ਚ ਦਿੱਤਾ ਗਿਆ ਬਿਆਨ ’ਗਲਤ ਅਤੇ ਗੁੰਮਰਾਹਕੁੰਨ’ ਸੀ। ਉਨ੍ਹਾਂ ਕਿਹਾ ਕਿ ਕਿਸੇ ਮੰਤਰੀ ਵਲੋਂ ਸਦਨ ਨੂੰ ਗੁੰਮਰਾਹ ਕਰਨਾ ਅਤੇ ਸਦਨ ਤੋਂ ਤੱਥ ਲੁਕਾਉਣਾ ਵਿਸ਼ੇਸ਼ ਅਧਿਕਾਰ ਦਾ ਹਨਨ ਅਤੇ ਸਦਨ ਦੀ ਮਾਣਹਾਨੀ ਮੰਨਿਆ ਜਾਂਦਾ ਹੈ।

### ਜਨਰਲ ਧੀਰਜ ਸੇਠ ਨੇ ਨਵੇਂ ਫ਼ੌਜ ਮੁਖੀ ਵਜੋਂ ਸੰਭਾਲਿਆ ਅਹੁਦਾ

ਨਵੀਂ ਦਿੱਲੀ 1 ਜੁਲਾਈ। ਸੀਨੀਅਰ ਫੌਜੀ ਅਧਿਕਾਰੀ ਜਨਰਲ ਧੀਰਜ ਸੇਠ ਨੇ ਨਵੇਂ ਫੌਜ ਮੁਖੀ ਵਜੋਂ ਅਹੁਦਾ ਸੰਭਾਲ ਲਿਆ। ਉਨ੍ਹਾਂ ਦੇ ਨਾਂ ਪੱਛਮੀ ਮੋਰਚੇ ’ਤੇ ਫ਼ੌਜ ਦੀਆਂ ਦੋ ਸੰਚਾਲਨ ਕਮਾਂਡਾਂ ਦੀ ਅਗਵਾਈ ਕਰਨ ਦੀ ਵਿਸ਼ੇਸ਼ ਉਪਲੱਬਧੀ ਦਰਜ ਹੈ। ਜਨਰਲ ਸੇਠ ਨੇ 13 ਲੱਖ ਫ਼ੌਜੀਆਂ ਵਾਲੀ ਫ਼ੌਜ ਦੀ ਕਮਾਨ ਅਜਿਹੇ ਸਮੇਂ ਸੰਭਾਲੀ ਹੈ, ਜਦੋਂ ਉਹ ਸਰਹੱਦਾਂ ’ਤੇ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਖੁਦ ਨੂੰ ਆਤਮਨਿਰਭਰ ਅਤੇ ਭਵਿੱਖ ਲਈ ਤਿਆਰ ਕਰਨ ਵੱਲ ਅੱਗੇ ਵਧ ਰਹੀ ਹੈ। ਜਨਰਲ ਸੇਠ ਨੇ ਜਨਰਲ ਉਪੇਂਦਰ ਦਿਵੇਦੀ ਦੀ ਜਗਹਾ ਲਈ ਹੈ, ਜੋ ਹਥਿਆਰਬੰਦ ਫੋਰਸਾਂ ’ਚ 40 ਸਾਲ ਤੋਂ ਵੱਧ ਦੇ ਸ਼ਾਨਦਾਰ ਕਰੀਅਰ ਤੋਂ ਬਾਅਦ ਮੰਗਲਵਾਰ ਨੂੰ ਸੇਵਾਮੁਕਤ ਹੋਏ।

## ਲਗਾਤਾਰ ਦੂਜੀ ਵਾਰ ਰਾਜ ਸਭਾ ਮੈਂਬਰ ਚੁਣੇ ਗਏ ਖੜਗੇ, ਸਪੀਕਰ ਰਾਧਾਕ੍ਰਿਸ਼ਨਨ ਨੇ ਚੁਕਾਈ ਸਹੁੰ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 1 ਜੁਲਾਈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕੀ। ਰਾਜ ਸਭਾ ਦੇ ਸਪੀਕਰ ਸੀ.ਪੀ. ਰਾਧਾਕ੍ਰਿਸ਼ਨਨ ਨੇ ਉਨ੍ਹਾਂ ਨੂੰ ਆਪਣੇ ਚੈਂਬਰ ’ਚ ਸਹੁੰ ਚੁਕਾਈ। ਖੜਗੇ ਹਾਲ ਹੀ ’ਚ ਕਰਨਾਟਕ ਤੋਂ ਸੰਸਦ ਦੇ ਉੱਚ ਸਦਨ ਲਈ ਲਗਾਤਾਰ ਦੂਜੀ ਵਾਰ ਚੁਣੇ ਗਏ ਹਨ। ਇਸ ਮੌਕੇ ਰਾਜ ਸਭਾ ਦੇ ਡਿਪਟੀ ਸਪੀਕਰ ਹਰਿਵੰਸ਼, ਸਦਨ ਦੇ ਨੇਤਾ ਜੇ.ਪੀ. ਨੱਢਾ, ਸੰਸਦੀ ਕਾਰਜ ਮੰਤਰੀ ਕਿਰੇਨ ਰਿਜਿਜੂ, ਕਾਂਗਰਸ ਨੇਤਾ ਸੋਨੀਆ ਗਾਂਧੀ ਅਤੇ ਪਾਰਟੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਵੀ ਮੌਜੂਦ ਰਹੀ। ਰਾਜ ਸਭਾ ’ਚ ਵਿਰੋਧੀ ਧਿਰ ਦੇ ਨੇਤਾ 83 ਸਾਲਾ ਖੜਗੇ ਇਸ ਤੋਂ ਪਹਿਲਾਂ ਲੋਕ ਸਭਾ ਅਤੇ ਕਰਨਾਟਕ ਵਿਧਾਨ ਸਭਾ ਦੇ ਮੈਂਬਰ ਰਹਿ ਚੁੱਕੇ ਹਨ। ਖੜਗੇ ਨੇ 1972 ’ਚ ਪਹਿਲੀ ਵਾਰ ਕਰਨਾਟਕ ਵਿਧਾਨ ਸਭਾ ਦੀ ਚੋਣ ਜਿੱਤੀ ਅਤੇ ਬਾਅਦ ’ਚ ਲਗਾਤਾਰ 9 ਵਾਰ ਵਿਧਾਇਕ ਚੁਣੇ ਗਏ। ਉਹ ਕਰਨਾਟਕ ਸਰਕਾਰ ’ਚ ਕਈ ਮਹੱਤਵਪੂਰਨਵ ਵਿਭਾਗਾਂ ਦੇ ਮੰਤਰੀ ਰਹੇ ਅਤੇ 1999 ਤੋਂ 2004 ਤੱਕ ਵਿਧਾਨ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਵੀ ਰਹੇ। ਦੂਜੇ ਕਾਰਜਕਾਲ ’ਚ ਉਨ੍ਹਾਂ ਨੇ ਰੇਲ ਮੰਤਰੀ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ ਵਜੋਂ ਜ਼ਿੰਮੇਵਾਰੀ ਸੰਭਾਲੀ। ਉਹ ਸਾਲ 2014 ਤੋਂ 2019 ਤੱਕ ਲੋਕ ਸਭਾ ’ਚ ਕਾਂਗਰਸ ਦੇ ਨੇਤਾ ਰਹੇ। ਅਕਤੂਬਰ, 2022 ’ਚ ਉਹ ਕਾਂਗਰਸ ਪ੍ਰਧਾਨ ਚੁਣੇ ਗਏ ਅਤੇ



ਖੜਗੇ 2009 ਅਤੇ 2014 ’ਚ ਕਰਨਾਟਕ ਦੇ ਗੁਲਬਰਗਾ ਲੋਕ ਸਭਾ ਖੇਤਰ ਤੋਂ ਸੰਸਦ ਮੈਂਬਰ ਚੁਣੇ ਗਏ। ਸੰਯੁਕਤ ਪ੍ਰਗਤੀਸ਼ੀਲ ਗਠਜੋੜ (ਯੂਪੀਏ) ਸਰਕਾਰ ਦੇ ਪਾਰਟੀ ਦੇ ਪ੍ਰਧਾਨ ਰਹੇ। ਖੜਗੇ ਸਾਲ 2020 ’ਚ ਪਹਿਲੀ ਵਾਰ ਰਾਜ ਸਭਾ ਮੈਂਬਰ ਬਣੇ ਅਤੇ ਫਿਲਹਾਲ ਸਦਨ ’ਚ ਵਿਰੋਧੀ ਧਿਰ ਦੇ ਨੇਤਾ ਵੀ ਹਨ।

## ਉੱਤਰਾਖੰਡ ਪਾਰਕਿੰਗ ਵਿਵਾਦ ਸ਼ਾਂਤ: ਪਾਉਂਟਾ ਸਾਹਿਬ ਵਿਖੇ ਗੱਲਬਾਤ ਮਗਰੋਂ ਬਣੀ ਸਹਿਮਤੀ, 4 ਨਿਹੰਗਾਂ ਨੂੰ ਮਿਲੀ ਜ਼ਮਾਨਤ

ਨੈਸ਼ਨਲ ਡੈਸਕ 1 ਜੁਲਾਈ। ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਦੇ ਕਰਣਪ੍ਰਯਾਗ ’ਚ ਪਾਰਕਿੰਗ ਵਿਵਾਦ ਤੋਂ ਬਾਅਦ ਪੈਦਾ ਹੋਏ ਤਣਾਅ ਦਾ ਹੱਲ ਗੱਲਬਾਤ ਰਾਹੀਂ ਹੋ ਗਿਆ ਹੈ। ਸ਼ਨੀਵਾਰ ਨੂੰ ਪਾਉਂਟਾ ਸਾਹਿਬ ਵਿਖੇ ਸਿੱਖ ਜਥੇਬੰਦੀਆਂ, ਸਮਾਜਿਕ ਸੰਗਠਨਾਂ ਅਤੇ ਸਥਾਨਕ ਧਿਰਾਂ ਵਿਚਕਾਰ ਹੋਈ ਬੈਠਕ ’ਚ ਭਵਿੱਖ ਵਿਚ ਕਿਸੇ ਵੀ ਵਿਵਾਦ ਨੂੰ ਆਪਸੀ ਗੱਲਬਾਤ ਅਤੇ ਪ੍ਰਸ਼ਾਸਨਿਕ ਸਹਿਯੋਗ ਨਾਲ ਸੁਲਝਾਉਣ ’ਤੇ ਸਹਿਮਤੀ ਬਣੀ। ਇਸ ਘਟਨਾਕ੍ਰਮ ਵਿਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਨਾਲ ਫ਼ੋਨ ’ਤੇ ਗੱਲਬਾਤ ਕਰ ਕੇ ਮਾਮਲੇ ਦੇ ਸ਼ਾਂਤੀਪੂਰਨ ਹੱਲ ਦੀ ਅਪੀਲ ਕੀਤੀ ਸੀ। ਦੱਸ ਦੇਈਏ ਕਿ ਇਸ ਦੌਰਾਨ ਮੁੱਖ ਮੰਤਰੀ ਦੇ ਸਿਆਸੀ ਸਕੱਤਰ ਤਰੁਣ ਭੰਡਾਰੀ ਨੇ ਸਿੱਖ ਵਫ਼ਦ ਨਾਲ ਪਾਉਂਟਾ ਸਾਹਿਬ ਪਹੁੰਚ ਕੇ ਵੱਖ-ਵੱਖ ਧਿਰਾਂ ਵਿਚਕਾਰ ਗੱਲਬਾਤ ਦਾ ਮਾਹੌਲ ਤਿਆਰ ਕਰਵਾਇਆ। ਸ਼ੁੱਕਰਵਾਰ ਨੂੰ ਬਾਬਾ ਮੇਜਰ ਸਿੰਘ ਸੋਢੀ ਦੀ ਅਗਵਾਈ ਹੇਠ ਸਿੱਖ ਵਫਦ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕਰ ਕੇ ਮਾਮਲੇ ਤੋਂ ਜਾਣੂ ਕਰਵਾਇਆ ਸੀ। ਇਸ ਤੋਂ ਬਾਅਦ ਮੁੱਖ ਮੰਤਰੀ ਨੇ ਲੋੜੀਂਦੀ ਪਹਿਲ ਕਰਦੇ ਹੋਏ ਦੋਵਾਂ ਸੂਬਿਆਂ ਵਿਚਕਾਰ ਤਾਲਮੇਲ ਵਧਾਉਣ ਦਾ ਯਤਨ ਕੀਤਾ। ਬੈਠਕ ਵਿਚ ਇਹ ਵੀ ਫ਼ੈਸਲਾ ਲਿਆ ਗਿਆ ਕਿ ਸਿੱਖ ਜਥੇਬੰਦੀਆਂ ਅਤੇ ਉੱਤਰਾਖੰਡ ਦੇ ਸਮਾਜਿਕ ਸੰਗਠਨ ਵੱਖ-ਵੱਖ ਹੈਲਪਲਾਈਨ ਅਤੇ ਸੰਪਰਕ ਨੰਬਰ ਜਾਰੀ ਕਰਨਗੇ, ਤਾਂ ਜੋ ਭਵਿੱਖ ਵਿਚ ਕਿਸੇ ਵੀ ਵਿਵਾਦ ਜਾਂ ਸ਼ਿਕਾਇਤ ਦੀ ਸੂਚਨਾ ਤੁਰੰਤ ਪ੍ਰਸ਼ਾਸਨ ਤੱਕ ਪਹੁੰਚਾਈ ਜਾ ਸਕੇ। ਇਸ ਮਾਮਲੇ ਦੇ ਸਬੰਧ ਵਿਚ ਤਰੁਣ ਭੰਡਾਰੀ ਨੇ ਕਿਹਾ ਕਿ ਸਾਰੀਆਂ ਧਿਰਾਂ ਨੂੰ ਅਫ਼ਵਾਹਾਂ ਅਤੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕਰਨ ਵਾਲੇ ਅਨਸਰਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਕਿਸੇ ਵੀ ਸਮੱਸਿਆ ਦਾ ਹੱਲ ਪ੍ਰਸ਼ਾਸਨ ਤੇ ਸਮਾਜਿਕ ਸੰਗਠਨਾਂ ਦੇ ਸਹਿਯੋਗ ਨਾਲ ਕਰਨਾ ਚਾਹੀਦਾ ਹੈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਅੰਗਰੇਜ਼ ਸਿੰਘ ਰਾਨੀਆਂ, ਸੰਯੁਕਤ ਸਕੱਤਰ ਬਲਵਿੰਦਰ ਸਿੰਘ ਭਿੰਡਰ ਆਦਿ ਹਾਜ਼ਰ ਸਨ।

## ਦਿੱਲੀ ’ਚ ਨਵੀਂ EV ਪਾਲਿਸੀ ਲਾਗੂ !

**ਕੌਮੀ ਪਤ੍ਰਿਕਾ**
**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 1 ਜੁਲਾਈ। ਦਿੱਲੀ ਸਰਕਾਰ ਨੇ ਰਾਜਧਾਨੀ ਵਿਚ ਵਧਦੇ ਹਵਾਈ ਪ੍ਰਦੂਸ਼ਣ ਨੂੰ ਨੱਥ ਪਾਉਣ ਅਤੇ ਇਲੈਕਟ੍ਰਿਕ ਵਾਹਨਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ’ਨਵੀਂ ਇਲੈਕਟ੍ਰਿਕ ਵਹੀਕਲ ਪਾਲਿਸੀ 2026-30’ ਨੂੰ ਮਨਜ਼ੂਰੀ ਦੇ ਦਿੱਤੀ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਐਲਾਨ ਕੀਤਾ ਕਿ ਇਹ ਨਵੀਂ ਨੀਤੀ 1 ਜੁਲਾਈ ਤੋਂ ਪ੍ਰਭਾਵੀ ਹੋਵੇਗੀ ਅਤੇ ਸਰਕਾਰ ਨੇ 31 ਮਾਰਚ 2030 ਤੱਕ ਦਿੱਲੀ ਨੂੰ ਪੂਰੀ ਤਰ੍ਹਾਂ ਪ੍ਰਦੂਸ਼ਣ ਮੁਕਤ ਸ਼ਹਿਰ ਬਣਾਉਣ ਦਾ ਟੀਚਾ ਰੱਖਿਆ ਹੈ। ਜ਼ਿਕਰਯੋਗ ਹੈ ਕਿ ਦਿੱਲੀ ਦੇ ਕੁੱਲ ਹਵਾਈ ਪ੍ਰਦੂਸ਼ਣ ਵਿੱਚ ਵਾਹਨਾਂ ਦੀ ਹਿੱਸੇਦਾਰੀ ਲਗਭਗ 23 ਫੀਸਦੀ ਹੈ। ਨਵੀਂ ਨੀਤੀ ਤਹਿਤ ਦਿੱਲੀ ਵਿਚ ਪੈਟਰੋਲ ਅਤੇ ਸੀਐਨਜੀ ਵਾਹਨਾਂ ਦੇ ਨਵੇਂ ਰਜਿਸਟ?ਰੇਸ਼ਨ ਨੂੰ ਪੜਾਅਵਾਰ ਤਰੀਕੇ ਨਾਲ ਬੰਦ ਕੀਤਾ ਜਾਵੇਗਾ। 1 ਜਨਵਰੀ 2027 ਤੋਂ ਦਿੱਲੀ ਵਿੱਚ ਸਿਰਫ਼ ਇਲੈਕਟ੍ਰਿਕ ਆਟੋ-ਰਿਕਸ਼ਾ ਦਾ ਹੀ ਨਵਾਂ ਰਜਿਸਟਰੇਸ਼ਨ ਹੋਵੇਗਾ, ਜਦੋਂ ਕਿ 1 ਅਪ੍ਰੈਲ 2028 ਤੋਂ ਨਵੇਂ ਪੈਟਰੋਲ ਅਤੇ ਸੀਐਨਜੀ ਦੋ ਪਹੀਆ ਵਾਹਨਾਂ ਦੇ ਰਜਿਸਟਰੇਸ਼ਨ ’ਤੇ ਪੂਰੀ ਤਰ੍ਹਾਂ ਰੋਕ ਲਗਾ ਦਿੱਤੀ



ਜਾਵੇਗੀ। ਇਸ ਤੋਂ ਬਾਅਦ ਰਾਜਧਾਨੀ ਵਿੱਚ ਸਿਰਫ਼ ਇਲੈਕਟ੍ਰਿਕ ਦੋ ਪਹੀਆ ਵਾਹਨ ਹੀ ਰਜਿਸਟਰ ਕੀਤੇ ਜਾ ਸਕਣਗੇ। ਸਰਕਾਰ ਨੇ ਲੋਕਾਂ ਨੂੰ 5ਾ ਵੱਲ ਉਤਸ਼ਾਹਿਤ ਕਰਨ ਲਈ ਵੱਡੇ ਵਿੱਤੀ ਲਾਭਾਂ ਦਾ ਐਲਾਨ ਕੀਤਾ ਹੈ। 30 ਲੱਖ ਰੁਪਏ ਤੱਕ ਦੀ ਕੀਮਤ ਵਾਲੀਆਂ ਨਵੀਂਆਂ ਇਲੈਕਟ੍ਰਿਕ ਕਾਰਾਂ ’ਤੇ 100 ਫੀਸਦੀ ਰੋਡ ਟੈਕਸ ਅਤੇ ਰਜਿਸਟਰੇਸ਼ਨ ਫੀਸ ਮੁਆਫ਼ ਕੀਤੀ ਜਾਵੇਗੀ। ਇਸ ਦੇ ਨਾਲ ਹੀ ਇਲੈਕਟ੍ਰਿਕ ਟੂ-ਵ?ਹੀਲਰ ਖਰੀਦਣ ’ਤੇ ਪਹਿਲੇ ਸਾਲ 30,000 ਰੁਪਏ, ਦੂਜੇ ਸਾਲ 20,000 ਰੁਪਏ ਅਤੇ ਤੀਜੇ ਸਾਲ 10,000 ਰੁਪਏ ਦੀ ਸਬਸਿਡੀ ਦਿੱਤੀ ਜਾਵੇਗੀ। ਈ-ਆਟੋ ਖਰੀਦਦਾਰਾਂ ਨੂੰ ਪਹਿਲੇ ਸਾਲ 50,000 ਰੁਪਏ, ਦੂਜੇ ਸਾਲ 40,000 ਰੁਪਏ ਅਤੇ ਤੀਜੇ ਸਾਲ 30,000 ਰੁਪਏ ਦਾ ਇੰਸੈਂਟਿਵ ਮਿਲੇਗਾ। ਐਨ-1 (©1) ਕੈਟਾਗਰੀ ਦੇ ਇਲੈਕਟ੍ਰਿਕ ਟਰੱਕਾਂ ’ਤੇ 1 ਲੱਖ ਰੁਪਏ ਤੱਕ ਦੀ ਸਹਾਇਤਾ ਮਿਲੇਗੀ। ਜੇਕਰ ਕੋਈ ਆਪਣੀ ਪੁਰਾਣੀ BS-4 ਜਾਂ ਉਸ ਤੋਂ ਘੱਟ ਮਿਆਰ ਵਾਲੀ ਗੱਡੀ ਨੂੰ ਕਬਾੜ ਵਿੱਚ ਦੇ ਕੇ ਨਵੀਂ 5ਾ ਖਰੀਦਦਾ ਹੈ, ਤਾਂ ਉਸ ਨੂੰ 1 ਲੱਖ ਰੁਪਏ ਦਾ ਸਕ੍ਰੈਪਿੰਗ ਇੰਸੈਂਟਿਵ ਦਿੱਤਾ ਜਾਵੇਗਾ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਹਾਈਬ੍ਰਿਡ ਗੱਡੀਆਂ ਨੂੰ ਕੋਈ ਸਬਸਿਡੀ ਨਹੀਂ ਦਿੱਤੀ ਜਾਵੇਗੀ ਅਤੇ ਪੂਰਾ ਧਿਆਨ ਸਿਰਫ਼ ਬਿਜਲੀ ਨਾਲ ਚੱਲਣ ਵਾਲੇ ਵਾਹਨਾਂ ’ਤੇ ਹੀ ਹੋਵੇਗਾ। ਸਬਸਿਡੀ ਦੀ ਪ੍ਰਕਿਰਿਆ ਨੂੰ ਸੌਖਾ ਬਣਾਉਣ ਲਈ ਇੱਕ ਵਿਸ਼ੇਸ਼ ਆਨਲਾਈਨ ਪੋਰਟਲ ਬਣਾਇਆ ਜਾਵੇਗਾ, ਜਿੱਥੇ ਬਿਨੈਕਾਰ ਘਰ ਬੈਠੇ ਅਪਲਾਈ ਕਰ ਸਕਣਗੇ। ਨਾਲ ਹੀ, ਦਿੱਲੀ ਵਿੱਚ ਚਾਰਜਿੰਗ ਸਟੇਸ਼ਨਾਂ ਅਤੇ ਸਕ੍ਰੈਪਿੰਗ ਸੈਂਟਰਾਂ ਦੀ ਗਿਣਤੀ ਵਿੱਚ ਵੀ ਤੇਜ਼ੀ ਨਾਲ ਵਾਧਾ ਕੀਤਾ ਜਾਵੇਗਾ।

## ਕੋਚਿੰਗ ਗੋਲੀਬਾਰੀ ਮਾਮਲਾ : ‘ਖਾਨ ਸਰ’ ਦੀ ਗ੍ਰਿਫ਼ਤਾਰੀ ’ਤੇ ਤਿੰਨ ਜੁਲਾਈ ਤੱਕ ਰੋਕ ਬਰਕਰਾਰ

ਪਟਨਾ 1 ਜੁਲਾਈ। ਬਿਹਾਰ ਦੀ ਇਕ ਅਦਾਲਤ ਨੇ ’ਖਾਨ ਸਰ’ ਦੇ ਨਾਂ ਨਾਲ ਲੋਕਪ੍ਰਿਯ ਟੀਚਰ ਫੈਜ਼ਲ ਖਾਨ ਨੂੰ ਕੋਚਿੰਗ ਸੰਸਥਾ ਗੋਲੀਬਾਰੀ ਮਾਮਲੇ ’ਚ ਗ੍ਰਿਫ਼ਤਾਰੀ ਤੋਂ ਮਿਲੀ ਅੰਤਰਿਮ ਰਾਹਤ ਨੂੰ ਤਿੰਨ ਜੁਲਾਈ ਤੱਕ ਲਈ ਵਧਾ ਦਿੱਤਾ। ਇਹ ਮਾਮਲਾ ਜੂਨ ਦੀ ਸ਼ੁਰੂਆਤ ’ਚ ਹੋਈ ਉਸ ਘਟਨਾ ਨਾਲ ਜੁੜਿਆ ਹੈ, ਜਿਸ ’ਚ ’ਖਾਨ ਸਰ’ ਦੀ ਕੋਚਿੰਗ ਸੰਸਥਾ ’ਚ ਭੰਨਤੋੜ ਕੀਤੀ ਗਈ ਸੀ। ਦੋਸ਼ ਹੈ ਕਿ ਇਸ ਦੌਰਾਨ ਉਨ੍ਹਾਂ ਦੇ ਸੁਰੱਖਿਆ ਗਾਰਡਾਂ ਨੇ ਹੀ ਗੋਲੀ ਚਲਾਈ ਸੀ। ਅਦਾਲਤ 3 ਜੁਲਾਈ ਨੂੰ ਨਿਆਂਇਕ ਹਿਰਾਸਤ ’ਚ ਰੱਖੇ ਗਏ ਖਾਨ ਸਰ ਦੇ ਦੋਵੇਂ ਸੁਰੱਖਿਆ ਗਾਰਡਾਂ ਦੀ ਜ਼ਮਾਨਤ ਪਟੀਸ਼ਨਾਂ ’ਤੇ ਸੁਣਵਾਈ ਕਰੇਗੀ। ਇਸ ਮਾਮਲੇ ’ਚ ਦਰਜ ਐੱਫਆਈਆਰ ’ਚ ’ਖਾਨ ਸਰ’ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਉਨ੍ਹਾਂ ਨੇ ਗ੍ਰਿਫ਼ਤਾਰੀ ਤੋਂ ਰਾਹਤ ਲਈ ਅਦਾਲਤ ’ਚ ਅਗਾਊਂ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਸੀ, ਜਿਸ ’ਤੇ ਅਦਾਲਤ ਨੇ ਤਿੰਨ ਜੁਲਾਈ ਤੱਕ ਉਨ੍ਹਾਂ ਖਿਲਾਫ਼ ਕੋਈ ਸਜ਼ਾਯੋਗ ਕਾਰਵਾਈ ਨਾ ਕਰਨ ਆਦੇਸ਼ ਦਿੱਤਾ ਹੈ। ਖਾਨ ਸਰ ਦੇ ਵਿਰੋਧੀ ਰੋਸ਼ਨ ਆਨੰਦ ਦੇ ਐਡਵੋਕੇਟ ਸੱਤਯਮ ਝਾਅ ਨੇ ਸੁਣਵਾਈ ਤੋਂ ਬਾਅਦ ਕਿਹਾ,’’ਮੰਗਲਵਾਰ ਨੂੰ ਹੋਈ ਸੁਣਵਾਈ ਦੌਰਾਨ ਅਦਾਲਤ ਨੇ ’ਖਾਨ ਸਰ’ ਦੇ ਦੋਵੇਂ ਗਾਰਡਾਂ ਦੇ ਹਥਿਆਰ ਲਾਇਸੈਂਸ ਦਾ ਵੇਰਵਾ ਮੰਗਿਆ। ਅਦਾਲਤ ਨੇ ਜਾਂਚ ਏਜੰਸੀਆਂ ਤੋਂ ਵਿਸ਼ੇਸ਼ ਰੂਪ ਨਾਲ ਇਕ ਸੁਰੱਖਿਆ ਗਾਰਡ ਨੂੰ ਉੱਤਰ ਪ੍ਰਦੇਸ਼ ਤੋਂ ਜਾਰੀ ਹਥਿਆਰ ਲਾਇਸੈਂਸ ਦਾ ਵੇਰਵਾ ਪੇਸ਼ ਕਰਨ ਲਈ ਕਿਹਾ ਹੈ। ਹੁਣ ਮਾਮਲੇ ਦੀ ਅਗਲੀ ਸੁਣਵਾਈ ਤਿੰਨ ਜੁਲਾਈ ਨੂੰ ਹੋਵੇਗੀ।’’ ਰੋਸ਼ਨ ਆਨੰਦ ਨੂੰ ਹਾਲ ’ਚ ਜ਼ਮਾਨਤ ਮਿਲੀ ਹੈ। ਉਹ 2 ਜੂਨ ਨੂੰ ’ਖਾਨ ਸਰ’ ਦੀ ਕੋਚਿੰਗ ਸੰਸਥਾ ਦੇ ਬਾਹਰ ਹੋਈ ਭੰਨਤੋੜ ਅਤੇ ਪਥਰਾਅ ਦੀ ਘਟਨਾ ਨਾਲ ਜੁੜੇ ਦੋਸ਼ੀਆਂ ’ਚ ਸ਼ਾਮਲ ਹੈ। ਝਾਅ ਨੇ ਦੱਸਿਆ ਕਿ ਮਾਮਲੇ ’ਚ 3 ਜੁਲਾਈ ਨੂੰ ਬਹਿਸ ਹੋਵੇਗੀ

## ਜੰਮੂ ਕਸ਼ਮੀਰ ਦੇ ਉਪ ਰਾਜਪਾਲ ਨੇ ‘ਪ੍ਰਥਮ ਪੂਜਾ’ ਦੇ ਨਾਲ ਸਾਲਾਨਾ ਅਮਰਨਾਥ ਯਾਤਰਾ ਦੀ ਕੀਤੀ ਸ਼ੁਰੂਆਤ

ਸ਼ਰੀਨਗਰ 1 ਜੁਲਾਈ। ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਦੱਖਣੀ ਕਸ਼ਮੀਰ ਦੇ ਪਵਿੱਤਰ ਅਮਰਨਾਥ ਗੁਫਾ ਤੀਰਥ ਸਥਾਨ ’ਤੇ ’ਪ੍ਰਥਮ ਪੂਜਾ’ ਕੀਤੀ, ਜਿਸ ਨਾਲ ਇਸ ਸਾਲ ਦੀ ਅਮਰਨਾਥ ਯਾਤਰਾ ਦੀ ਰਸਮੀ ਸ਼ੁਰੂਆਤ ਹੋ ਗਈ। 3 ਜੁਲਾਈ ਤੋਂ ਸ਼ੁਰੂ ਹੋਣ ਵਾਲੀ ਅਮਰਨਾਥ ਯਾਤਰਾ ਦੇ ਮੱਦੇਨਜ਼ਰ ਉਪ ਰਾਜਪਾਲ ਸਿਨਹਾ ਨੇ ਕਿਹਾ ਕਿ ਪ੍ਰਸ਼ਾਸਨ, ਸ਼੍ਰੀ ਅਮਰਨਾਥ ਸ਼ਰਾਈਨ ਬੋਰਡ, ਫੌਜ, ਪੁਲਸ, ਸੁਰੱਖਿਆ ਫੋਰਸ, ਸਥਾਨਕ ਭਾਈਚਾਰੇ, ਸੇਵਾ ਪ੍ਰਦਾਤਾ ਅਤੇ ਵਲੰਟੀਅਰ ਪੂਰੇ ਤਾਲਮੇਲ ਨਾਲ ਮਿਲ ਕੇ ਕੰਮ ਕਰ ਰਹੇ ਹਨ। ਸਿਨਹਾ ਨੇ ਆਪਣੇ ਅਧਿਕਾਰਤ ’ਐਕਸ’ ਹੈਂਡਲ ’ਤੇ ਲਿਖਿਆ,’’ਹਰ-ਹਰ ਮਹਾਦੇਵ! ਸ਼?ਰੀ ਅਮਰਨਾਥ ਜੀ ਦੀ ਪਵਿੱਤਰ ਗੁਫਾ ’ਚ ’ਪ੍ਰਥਮ ਪੂਜਾ’ ਕਰਨ ਦਾ ਸੁਭਾਗ ਪ੍ਰਤਾਪ ਹੋਇਆ, ਜਿਸ ਦੇ ਨਾਲ ਸਾਲਾਨਾ ਅਮਰਨਾਥ ਯਾਤਰਾ ਦੀ ਰਸਮੀ ਸ਼ੁਰੂਆਤ ਹੋਈ। ਬਾਬਾ ਬਰਫ਼ਾਨੀ ਤੋਂ ਸਾਰਿਆਂ ਲਈ ਸ਼ਾਂਤੀ, ਖ਼ੁਸ਼ਹਾਲੀ, ਚੰਗੀ ਸਿਹਤ ਅਤੇ ਖੁਸ਼ਹਾਲੀ ਦੀ ਪ੍ਰਾਰਥਨਾ ਕੀਤੀ।’’ ਉਨ੍ਹਾਂ ਕਿਹਾ,’’ਸਾਰੇ ਸੰਬੰਧਤ ਪੱਖ ਸ਼ਰਧਾਲੂਆਂ ਲਈ ਸੁਰੱਖਿਅਤ ਅਤੇ ਯਾਦਗਾਰ ਯਾਤਰਾ ਯਕੀਨੀ ਕਰਨ ਲਈ ਪੂਰੀ ਨਿਸ਼ਠਾ ਨਾਲ ਕੰਮ ਕਰ ਰਹੇ ਹਨ। ਬੁਨਿਆਦੀ ਢਾਂਚੇ ’ਚ ਸੁਧਾਰ, ਬਿਹਤਰ ਸਹੂਲਤਾਂ ਅਤੇ ਜੰਮੂ ਕਸ਼ਮੀਰ ਦੇ ਲੋਕਾਂ ਦੇ ਕੀਮਤੀ ਸਹਿਯੋਗ ਨਾਲ ਅਸੀਂ ਸ਼ਰਧਾਲੂਆਂ ਦੇ ਸਵਾਗਤ ਲਈ ਪੂਰੀ ਤਰ੍ਹਾਂ ਤਿਆਰ ਹਾਂ ਤਾਂ ਕਿ ਉਨ੍ਹਾਂ ਨੂੰ ਅਧਿਆਤਮਿਕ ਰੂਪ ਨਾਲ ਸੰਤੋਸ਼ਜਨਕ ਯਾਤਰਾ ਦਾ ਅਨੁਭਵ ਮਿਲ ਸਕੇ। ਬਾਬਾ ਅਮਰਨਾਥ ਜੀ ਸਾਰਿਆਂ ’ਤੇ ਆਪਣੀ ਕਿਰਪਾ ਬਣਾਏ ਰੱਖਣ।’’

## ਭਾਰਤ ਵੱਲੋਂ ਪਾਕਿ ਨੂੰ ਕਰਾਰਾ ਜਵਾਬ, ਅੱਤਵਾਦ ਨੂੰ ਸ਼ਹਿ ਦੇਣ ਵਾਲੇ ਦੂਜਿਆਂ ’ਤੇ ਉਂਗਲ ਨਾ ਉਠਾਉਣ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 1 ਜੁਲਾਈ। ਭਾਰਤ ਨੇ ਕਰਾਚੀ ’ਚ ਪਾਕਿਸਤਾਨ ਰੇਂਜਰਸ ਕੈਂਪ ’ਤੇ ਹੋਏ ਅੱਤਵਾਦੀ ਹਮਲੇ ਸੰਬੰਧੀ ਪਾਕਿਸਤਾਨ ਦੇ ਦੋਸ਼ਾਂ ਨੂੰ ਸਪੱਸ਼ਟ ਤੌਰ ’ਤੇ ਰੱਦ ਕਰਦਿਆਂ ਕਿਹਾ ਹੈ ਕਿ ਅੱਤਵਾਦ ਨੂੰ ਸ਼ਹਿ ਦੇਣ ਵਾਲੇ ਕਿਸੇ ਵੀ ਦੇਸ਼ ਨੂੰ ਦੂਜਿਆਂ ਵੱਲ ਉਂਗਲ ਚੁੱਕਣ ਤੋਂ ਪਹਿਲਾਂ ਆਤਮ-ਮੰਥਨ ਕਰਨਾ ਚਾਹੀਦਾ ਹੈ। ਪਾਕਿਸਤਾਨ ਦੇ ਦੋਸ਼ਾਂ ਸੰਬੰਧੀ ਮੀਡੀਆ ਦੇ ਸਵਾਲਾਂ ਦੇ ਜਵਾਬ ’ਚ ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ



ਐਤਵਾਰ ਕਿਹਾ ਕਿ ਅਸੀਂ ਪਾਕਿਸਤਾਨ ਵੱਲੋਂ ਕਰਾਚੀ ’ਚ ਵਾਪਰੀ ਘਟਨਾ ਸੰਬੰਧੀ ਭਾਰਤ ਵਿਰੁੱਧ ਬੇਬੁਨਿਆਦ ਦੋਸ਼ ਲਾਉਣ ਦੀਆਂ ਰਿਪੋਰਟਾਂ ਵੇਖੀਆਂ ਹਨ। ਅਸੀਂ ਇਨ੍ਹਾਂ ਦੋਸ਼ਾਂ ਨੂੰ ਸਪੱਸ਼ਟ ਤੌਰ ’ਤੇ ਰੱਦ ਕਰਦੇ ਹਾਂ। ਦੂਜਿਆਂ ਵੱਲ ਉਂਗਲ ਉਠਾਉਣ ਦੀ ਬਜਾਏ ਪਾਕਿਸਤਾਨ ਨੂੰ ਆਤਮ-ਮੰਥਨ ਕਰਨਾ ਚਾਹੀਦਾ ਹੈ, ਆਪਣੇ ਖੇਤਰ ’ਚ ਮੌਜੂਦ ਅੱਤਵਾਦੀ ਢਾਂਚੇ ਵਿਰੁੱਧ ਭਰੋਸੇਯੋਗ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਸਰਕਾਰੀ ਨੀਤੀ ਦੇ ਸਾਧਨ ਵਜੋਂ ਅੱਤਵਾਦ ’ਤੇ ਭਰੋਸਾ ਕਰਨ ਦੇ ਆਪਣੇ ਰੁਝਾਨ ਨੂੰ ਛੱਡਣਾ ਚਾਹੀਦਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਇਸ ਹਮਲੇ ’ਚ 4 ਪਾਕਿਸਤਾਨੀ ਰੇਂਜਰ ਮਾਰੇ ਗਏ ਸਨ।

## ਕਾਂਗਰਸੀ ਆਗੂ ਜੈਰਾਮ ਰਮੇਸ਼ ਨੇ ਮਨਰੇਗਾ ਫੰਡਿੰਗ ’ਚ ਬਦਲਾਅ ’ਤੇ ਚੁੱਕੇ ਸਵਾਲ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 1 ਜੁਲਾਈ। ਸੀਨੀਅਰ ਕਾਂਗਰਸੀ ਆਗੂ ਤੇ ਰਾਜਸਭਾ ਮੈਂਬਰ ਜੈਰਾਮ ਰਮੇਸ਼ ਨੇ ਕੇਂਦਰ ਸਰਕਾਰ ਵੱਲੋਂ ਭਲਾਈ ਸਕੀਮਾਂ ਦੀ ਫੰਡਿੰਗ ਪ੍ਰਣਾਲੀ ਵਿਚ ਕੀਤੇ ਗਏ ਵੱਡੇ ਬਦਲਾਅ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਭਾਰਤ ਦੇ ਪਹਿਲਾਂ ਹੀ ਨਾਜ਼ੁਕ ਸੰਘੀ ਢਾਂਚੇ ’ਤੇ ਇੱਕ ਹੋਰ ਵੱਡਾ ਹਮਲਾ ਹੈ। ਰਮੇਸ਼ ਨੇ ਸਪੱਸ਼ਟ ਕੀਤਾ ਕਿ ਜਿੱਥੇ ਮਨਰੇਗਾ ਕੇਂਦਰ ਸਰਕਾਰ ਦੀ ਇੱਕ ਮੰਗ-ਆਧਾਰਿਤ ਅਤੇ ਅਧਿਕਾਰ-ਆਧਾਰਿਤ ਗਾਰੰਟੀ ਸੀ, ਉੱਥੇ ਹੀ ਨਵੀਂ ’VB G RAM G’ ਯੋਜਨਾ ਪੂਰੀ ਤਰ੍ਹਾਂ ’ਵੰਡ-ਆਧਾਰਿਤ’ ਹੋਵੇਗੀ। ਇਸ ਨਵੀਂ ਪ੍ਰਣਾਲੀ ਤਹਿਤ, ਕੇਂਦਰ ਸਰਕਾਰ ਸਿਰਫ 60 ਫੀਸਦੀ ਖਰਚਾ ਸਹਿਣ ਕਰੇਗੀ, ਜਦੋਂ ਕਿ ਬਾਕੀ 40 ਫੀਸਦੀ ਦਾ ਬੋਝ ਰਾਜਾਂ ਦੇ ਮੋਢਿਆਂ ’ਤੇ ਪਾਇਆ ਜਾ ਰਿਹਾ ਹੈ। ਕਾਂਗਰਸੀ ਆਗੂ ਨੇ 16ਵੇਂ ਵਿੱਤ ਕਮਿਸ਼ਨ ਦੁਆਰਾ ਅਪਨਾਏ ਗਏ ਮਿਆਰੀ ਵੰਡ ਫਾਰਮੂਲੇ ਦੀ ਵਰਤੋਂ ’ਤੇ ਵੀ ਸਵਾਲ ਉਠਾਏ ਹਨ। ਉਨ੍ਹਾਂ ਕਿਹਾ ਕਿ ਵਿੱਤ ਕਮਿਸ਼ਨ ਦਾ ਇਹ ਫਾਰਮੂਲਾ ਮੂਲ ਰੂਪ ਵਿਚ ਮਾਲੀਏ ਦੀ ਵੰਡ ਲਈ ਤਿਆਰ ਕੀਤਾ ਗਿਆ ਹੈ, ਨਾ ਕਿ ਖਰਚਿਆਂ ਨੂੰ ਸਾਂਝਾ ਕਰਨ ਲਈ। ਉਨ੍ਹਾਂ ਅਨੁਸਾਰ, ਇਹ ਜ਼ਿੰਮੇਵਾਰੀ ਗ੍ਰਾਂਟਾਂ ਰਾਹੀਂ ਨਿਭਾਈ ਜਾਣੀ ਚਾਹੀਦੀ ਸੀ, ਪਰ 16ਵੇਂ ਵਿੱਤ ਕਮਿਸ਼ਨ ਨੇ ਜ਼ਿਆਦਾਤਰ ਗ੍ਰਾਂਟਾਂ ਨੂੰ ਲਗਭਗ ਖਤਮ ਹੀ ਕਰ ਦਿੱਤਾ ਹੈ। ਜੈਰਾਮ ਰਮੇਸ਼ ਨੇ ਦੋਸ਼ ਲਾਇਆ ਕਿ ’ਕੁਸ਼ਲਤਾ’ ਦੇ ਨਾਂ ’ਤੇ ਸਮਾਨਤਾ ਨੂੰ ਯਕੀਨੀ ਬਣਾਉਣ ਦੀ ਇਹ



ਕੋਸ਼ਿਸ਼ ਰਾਜਾਂ ਦੇ ਅਧਿਕਾਰਾਂ ਨੂੰ ਸੀਮਤ ਕਰ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਜਿਹੇ ਫੈਸਲੇ ਕੇਂਦਰ ਅਤੇ ਰਾਜਾਂ ਦੇ ਆਪਸੀ ਸਬੰਧਾਂ ਅਤੇ ਦੇਸ਼ ਦੇ ਨਾਜ਼ੁਕ ਫੈਡਰਲ ਢਾਂਚੇ ਨੂੰ ਹੋਰ ਕਮਜ਼ੋਰ ਕਰਨਗੇ।

## ਬੰਗਾਲ ਵਿਧਾਨ ਸਭਾ ’ਚ ਭਾਰੀ ਬਹੁਮਤ ਨਾਲ ‘ਪਬਲਿਕ ਸੇਫਟੀ ਬਿਲ’ ਪਾਸ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 1 ਜੁਲਾਈ। ਪੱਛਮੀ ਬੰਗਾਲ ਜਨਤਕ ਸੁਰੱਖਿਆ ਤੇ ਸਮਾਜ-ਵਿਰੋਧੀ ਗਤੀਵਿਧੀਆਂ ’ਤੇ ਕੰਟਰੋਲ ਬਿੱਲ, 2026, ਵਿਧਾਨ ਸਭਾ ਵਿੱਚ ਪਾਸ ਹੋ ਗਿਆ। ਇਹ ਬਿੱਲ ਜੋ ਸਮਾਜ-ਵਿਰੋਧੀ ਗਤੀਵਿਧੀਆਂ ਨੂੰ ਰੋਕਣ ਲਈ ਬਿਨਾਂ ਮੁਕੱਦਮੇ ਦੇ 12 ਮਹੀਨਿਆਂ ਤੱਕ ਰੋਕਥਾਮ ਹਿਰਾਸਤ ਦਾ ਪ੍ਰਸਤਾਵ ਰੱਖਦਾ ਹੈ। ਇਹ ਬਿੱਲ ਸਦਨ ਵਿੱਚ ਪੇਸ਼ ਕੀਤਾ ਗਿਆ ਅਤੇ 176 ਤੋਂ 41 ਵੋਟਾਂ ਨਾਲ ਪਾਸ ਹੋ ਗਿਆ। ਮੁੱਖ ਮੰਤਰੀ ਸੁਵੇਂਦੂ ਅਧਿਕਾਰੀ ਨੇ ਸਦਨ ਵਿੱਚ ਕਿਹਾ ਕਿ ਪੱਛਮੀ ਬੰਗਾਲ ਜਨਤਕ ਸੁਰੱਖਿਆ ਅਤੇ ਸਮਾਜ-ਵਿਰੋਧੀ ਗਤੀਵਿਧੀਆਂ ’ਤੇ ਕੰਟਰੋਲ ਬਿੱਲ, 2026 ਦਾ ਉਦੇਸ਼ ਦੰਗਿਆਂ ਅਤੇ ਹਿੰਸਾ ਦੇ ਹੋਰ ਰੂਪਾਂ ਨੂੰ ਰੋਕਣਾ ਹੈ। ਬਿੱਲ ਨੂੰ ਪੇਸ਼ ਕਰਨ ਨੂੰ ਜਾਇਜ਼ ਠਹਿਰਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਕਾਨੂੰਨ ਹਿੰਸਾ



ਵਿੱਚ ਸਿੱਧੇ ਜਾਂ ਅਸਿੱਧੇ ਤੌਰ ’ਤੇ ਸ਼ਾਮਲ ਲੋਕਾਂ ਤੋਂ ਜਾਇਦਾਦ ਦੇ ਨੁਕਸਾਨ ਲਈ ਮੁਆਵਜ਼ੇ ਦੀ ਵਿਵਸਥਾ ਨਹੀਂ ਕਰਦੇ ਹਨ। ਮੁੱਖ ਮੰਤਰੀ ਨੇ ਸਦਨ ਨੂੰ ਭਰੋਸਾ ਦਿੱਤਾ ਕਿ ਪ੍ਰਸਤਾਵਿਤ ਕਾਨੂੰਨ ਸ਼ਰਾਰਤੀ ਅਨਸਰਾਂ ਵਿਰੁੱਧ ਨਿਸ਼ਾਨਾ ਹੈ ਤੇ ਇਸਦੀ ਕਿਸੇ ਵੀ ਤਰੀਕੇ ਨਾਲ ਦੁਰਵਰਤੋਂ ਨਹੀਂ ਕੀਤੀ ਜਾਵੇਗੀ, ਇੱਥੋਂ ਤੱਕ ਕਿ ਰਾਜਨੀਤਿਕ ਉਦੇਸ਼ਾਂ ਲਈ ਵੀ।

## ‘ਪਰਚੀ ਖੋਲ੍ਹ ਕੇ ਨਾਮ ਦੱਸਿਆ ਤਾਂ ਸਾਨੂੰ...’, ਰਾਮ ਮੰਦਰ ਚੋਰੀ ਮਾਮਲੇ ’ਤੇ ਧੀਰੇਂਦਰ ਸ਼ਾਸਤਰੀ ਦਾ ਵੱਡਾ ਦਾਅਵਾ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਛੱਤਰਪੁਰ 1 ਜੁਲਾਈ। ਅਯੁੱਧਿਆ ਸਥਿਤ ਰਾਮ ਮੰਦਰ ਦੇ ਦਾਨ ਪਾਤਰ ਵਿਚੋਂ ਹੋਈ ਚੋਰੀ ਨੂੰ ਲੈ ਕੇ ਪਹਿਲੀ ਵਾਰ ਬਾਗੇਸ਼ਵਰ ਧਾਮ ਦੇ ਮੁੱਖ ਪੁਜਾਰੀ ਪੰਡਿਤ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਨੇ ਖੁੱਲ੍ਹ ਕੇ ਪ੍ਰਤੀਕਿਰਿਆ ਦਿੱਤੀ ਹੈ। ਇੰਡੋਨੇਸ਼ੀਆ ਦੀ ਰਾਜਧਾਨੀ ਜਕਾਰਤਾ ਵਿੱਚ ਆਪਣੇ ਕਥਨ ਦੌਰਾਨ ਉਨ੍ਹਾਂ ਨੇ ਇਸ ਘਟਨਾ ਨੂੰ ਲੈ ਕੇ ਪੈਸੇ ਦੀ ਚੋਰੀ ਨਹੀਂ, ਸਗੋਂ ਕਰੋੜਾਂ ਸ਼ਰਧਾਲੂਆਂ ਦੀ ਆਸਥਾ ’ਤੇ ਹਮਲਾ ਦੱਸਿਆ। ਭਾਵੁਕ ਸੁਰ ਵਿੱਚ ਉਨ੍ਹਾਂ ਨੇ ਕਿਹਾ ਕਿ ਇਸ ਮਹਾਪਾਪ ਦੇ ਦੋਸ਼ੀਆਂ ਨੂੰ ਪਰਮਾਤਮਾ ਵੱਲੋਂ ਵੱਡੀ ਸਜ਼ਾ ਮਿਲੇਗੀ। ਧੀਰੇਂਦਰ ਸ਼ਾਸਤਰੀ ਨੇ ਕਿਹਾ ਕਿ ਰਾਵਣ ਨੇ ਮਾਂ ਜਾਨਕੀ ਨੂੰ ਅਗਵਾ ਕੀਤਾ ਸੀ ਪਰ ਰਾਮ ਮੰਦਰ ਦੇ ਦਾਨ ਬਕਸੇ ਵਿਚੋਂ ਹੋਈ ਚੋਰੀ ਨੇ ਲੱਖਾਂ ਲੋਕਾਂ ਦੀ ਆਸਥਾ ਅਤੇ ਵਿਸ਼ਵਾਸ ਨੂੰ ਲੁੱਟ ਲਿਆ। ਰਾਵਣ ਅੱਜ ਵੀ ਮੌਜੂਦ ਹੈ, ਸਿਰਫ਼ ਉਸਦਾ ਰੂਪ ਬਦਲਿਆ ਹੈ। ਉਨ੍ਹਾਂ ਦੇ ਇਸ ਬਿਆਨ ਨੇ ਕਥਾ ਸਥਾਨ ’ਤੇ ਮੌਜੂਦ ਸ਼ਰਧਾਲੂਆਂ ਨੂੰ ਵੀ ਭਾਵੁਕ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਘਟਨਾ ਤੋਂ ਬਾਅਦ ਬਹੁਤ ਸਾਰੇ ਲੋਕਾਂ ਨੇ ਸਵਾਲ ਕੀਤਾ ਕਿ ਉਨ੍ਹਾਂ ਨੇ ਇਸ ਮੁੱਦੇ ’ਤੇ ਜਵਾਬ ਕਿਉਂ ਨਹੀਂ ਦਿੱਤਾ।ਇਸ ’ਤੇ ਸ਼ਾਸਤਰੀ ਨੇ ਕਿਹਾ, ਲੋਕ ਪੁੱਛਦੇ ਰਹਿੰਦੇ ਹਨ ਕਿ ਬਾਗੇਸ਼ਵਰ ਧਾਮ ਵਾਲੇ ਬਾਬਾ ਕਿਉਂ ਚੁੱਪ ਹਨ ਪਰ ਸਾਡੇ ਦਿਲਾਂ ਤੋਂ ਪੁੱਛੋ ਕਿ ਸਾਡੇ ਨਾਲ ਕੀ ਹੋਇਆ ਹੈ। ਜੇ ਅਸੀਂ ਬੋਲਦੇ ਹਾਂ, ਤਾਂ ਲੋਕ ਸਾਨੂੰ ਸਵਾਲ ਕਰਦੇ ਹਨ ਅਤੇ ਜੇ ਅਸੀਂ ਚੁੱਪ ਰਹਿੰਦੇ ਹਾਂ, ਤਾਂ ਵੀ ਉਹ ਸਾਨੂੰ ਸਵਾਲ ਕਰਦੇ ਹਨ। ਆਪਣੇ ਸੰਬੋਧਨ ਦੌਰਾਨ ਧੀਰੇਂਦਰ ਸ਼ਾਸਤਰੀ



ਨੇ ਥੋੜ੍ਹੇ ਜਿਹੇ ਵਿਅੰਗ ਨਾਲ ਕਿਹਾ ਕਿ ਹੁਣ ਲੋਕ ਇਹ ਵੀ ਕਹਿਣਗੇ ਕਿ ਅਸੀਂ ਬਿਆਨ ਦਿੱਤਾ ਹੈ ਪਰ ਅਸੀਂ ਪਰਚੀ ਖੋਲ੍ਹ ਕੇ ਦੋਸ਼ੀਆਂ ਦੇ ਨਾਮ ਕਿਉਂ ਨਹੀਂ ਦੱਸੇ। ਜੇ ਅਸੀਂ ਨਾਮ ਦੱਸੇ ਤਾਂ ਲੋਕ ਸਾਨੂੰ ਖ਼ਤਮ ਕਰ ਦੇਣਗੇ। ਅੱਜ ਨਹੀਂ ਤਾਂ ਕੱਲ੍ਹ, ਅਸੀਂ ਇਸ ਨਾਲ ਨਜਿੱਠ ਲਵਾਂਗੇ। ਇਸ ਲਈ ਕਈ ਵਾਰ ਚੁੱਪ ਰਹਿਣਾ ਹੀ ਬਿਹਤਰ ਲੱਗਦਾ ਹੈ ਪਰ ਫਿਰ ਵੀ ਲੋਕ ਕਹਿੰਦੇ ਹਨ ਕਿ ਬਾਬਾ ਗੂੰਗਾ ਹੋ ਗਿਆ ਹੈ। ਉਨ੍ਹਾਂ ਦੇ ਇਸ ਬਿਆਨ ਤੋਂ ਬਾਅਦ ਉਨ੍ਹਾਂ ਦੀ ਖਤਮ ਕਰ ਦੇਣ ਵਾਲੀ ਟਿੱਪਣੀ ਨੂੰ ਲੈ ਕੇ ਨਵੀਆਂ ਚਰਚਾਵਾਂ ਸ਼ੁਰੂ ਹੋ ਗਈਆਂ ਹਨ। ਹਾਲਾਂਕਿ, ਉਨ੍ਹਾਂ ਨੇ ਕਿਸੇ ਵਿਅਕਤੀ, ਸੰਗਠਨ ਜਾਂ ਸਮੂਹ ਦਾ ਨਾਮ ਨਹੀਂ ਲਿਆ ਅਤੇ ਨਾ ਹੀ ਇਹ ਸਪੱਸ਼ਟ ਕੀਤਾ ਕਿ ਉਹ ਕਿਸ ਵੱਲ ਇਸ਼ਾਰਾ ਕਰ ਰਹੇ ਸਨ। ਜ਼ਿਕਰਯੋਗ ਹੈ ਕਿ ਪੰਡਿਤ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਇਸ ਸਮੇਂ ਇੰਡੋਨੇਸ਼ੀਆ ਦੇ ਜਕਾਰਤਾ ਵਿੱਚ ਧਾਰਮਿਕ ਪ੍ਰਵਚਨ ਦੇ ਰਹੇ ਹਨ। ਇਸ ਦੌਰਾਨ ਅਯੁੱਧਿਆ ਵਿੱਚ ਰਾਮ ਮੰਦਰ ਦੇ ਦਾਨ ਬਕਸੇ ਦੀ ਚੋਰੀ ਦੀ ਜਾਂਚ ਸਬੰਧਤ ਏਜੰਸੀਆਂ ਦੁਆਰਾ ਜਾਰੀ ਹੈ।

# ਇਤਰਾਜ਼ਯੋਗ ਤਸਵੀਰਾਂ ਦੀਆਂ ਧਮਕੀਆਂ ਦੇ ਕੇ ਮੁਲਜ਼ਮ ਕਰਦਾ ਰਿਹਾ ਜਬਰ-ਜ਼ਿਨਾਹ, ਮਾਮਲਾ ਦਰਜ

**ਕੌਮੀ ਪਤ੍ਰਿਕਾ**

ਲੁਧਿਆਣਾ 1 ਜੁਲਾਈ। ਇੱਕ ਔਰਤ ਨਾਲ ਬਲੈਕਮੇਲਿੰਗ ਅਤੇ ਵਾਰ-ਵਾਰ ਜਬਰ-ਜ਼ਿਨਾਹ ਕਰਨ ਦਾ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਇਕ ਵਿਅਕਤੀ ਨੇ ਮਹਿਲਾ ਨੂੰ ਸੋਸ਼ਲ ਮੀਡੀਆ ਰਾਹੀਂ ਵਰਗਲਾ ਅਤੇ ਫਿਰ ਉਸ ਦੀਆਂ ਕੁਝ ਇਤਰਾਜ਼ਯੋਗ ਤਸਵੀਰਾਂ ਖਿੱਚ ਲਈਆਂ। ਫਿਰ ਦੋਸ਼ੀ ਨੇ ਇਨ੍ਹਾਂ ਤਸਵੀਰਾਂ ਰਾਹੀਂ ਉਸਨੂੰ ਬਦਨਾਮ ਕਰਨ ਦੀ ਧਮਕੀ ਦਿੱਤੀ ਅਤੇ ਲੰਬੇ ਸਮੇਂ ਤੱਕ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਬਣਾਇਆ ਅਤੇ ਅੰਤ ਵਿੱਚ ਇਹ ਤਸਵੀਰਾਂ ਮਹਿਲਾ ਦੇ ਪਰਿਵਾਰ ਨੂੰ ਭੇਜ ਦਿੱਤੀਆਂ। ਪੁਲਸ ਨੂੰ ਦਿੱਤੇ ਬਿਆਨ 'ਚ ਪੀੜਤਾ ਨੇ ਦੱਸਿਆ ਕਿ 14 ਜੂਨ ਨੂੰ ਦੋਸ਼ੀ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਅਤੇ ਉਸਦੇ ਜੇਠ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਉਸ ਦੀਆਂ ਕੁਝ ਬਹੁਤ ਹੀ ਇਤਰਾਜ਼ਯੋਗ ਅਤੇ ਨਿੱਜੀ ਤਸਵੀਰਾਂ ਭੇਜੀਆਂ। ਜਦੋਂ ਪੀੜਤਾ ਦੇ ਪਤੀ ਨੇ ਤਸਵੀਰਾਂ ਬਾਰੇ ਪੁੱਛਗਿੱਛ ਕੀਤੀ, ਤਾਂ ਪੀੜਤਾ ਨੇ ਖੁਲਾਸਾ ਕੀਤਾ ਕਿ ਇਹ ਤਸਵੀਰਾਂ 2025 ਦੀਆਂ ਹਨ। ਉਸ ਸਮੇਂ ਮਨਦੀਪ ਨਾਮ ਦਾ




ਵਿਅਕਤੀ ਉਸ ਨਾਲ ਸਨੈਪਚੈਟ 'ਤੇ ਐਡ ਸੀ। ਜਿਸ ਤੋਂ ਬਾਅਦ ਗੱਲਬਾਤ ਹੌਲੀ-ਹੌਲੀ ਵਧਦੀ ਗਈ, ਅਤੇ ਦੋਸ਼ੀ ਮਨਦੀਪ ਨੇ ਉਸਨੂੰ ਮਿਲਣ ਦੇ ਬਹਾਨੇ ਸਮਰਾਲਾ ਚੌਕ ਸਥਿਤ ਹੋਟਲ 11 ਇਨ ਵਿੱਚ ਲੈ ਗਿਆ। ਉਸਨੇ ਔਰਤ ਨਾਲ ਜ਼ਬਰਦਸਤੀ ਸਰੀਰਕ ਸੰਬੰਧ ਬਣਾਏ ਅਤੇ ਧੋਖੇ ਨਾਲ ਉਸ ਦੀਆਂ ਇਤਰਾਜ਼ਯੋਗ ਤਸਵੀਰਾਂ ਆਪਣੇ ਮੋਬਾਈਲ ਫੋਨ 'ਤੇ ਰਿਕਾਰਡ ਕੀਤੀਆਂ। ਪੀੜਤਾ ਨੇ ਦੱਸਿਆ ਬਦਨਾਮੀ ਕਰਨ ਦੀ ਧਮਕੀ ਦਿੰਦਿਆਂ ਦੋਸ਼ੀ ਨੇ ਉਸਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ। ਉਸਨੂੰ ਵਾਰ-ਵਾਰ ਉਸੇ ਹੋਟਲ 11 ਇਨ ਵਿੱਚ ਜ਼ਬਰਦਸਤੀ ਬੁਲਾਇਆ ਅਤੇ ਉਸਦੀ ਮਰਜ਼ੀ ਦੇ ਵਿਰੁੱਧ ਵਾਰ-ਵਾਰ ਸਰੀਰਕ ਸੰਬੰਧ ਬਣਾਏ। ਜਦੋਂ ਉਸ ਨੇ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਦੋਸ਼ੀ ਨੇ ਮਹਿਲਾ ਦੇ ਜੇਠ ਨੂੰ ਤਸਵੀਰਾਂ ਭੇਜ ਦਿੱਤੀਆਂ। ਇਸ ਸੰਵੇਦਨਸ਼ੀਲ ਮਾਮਲੇ ਸੰਬੰਧੀ ਸ਼ਿਕਾਇਤ ਮਿਲਣ 'ਤੇ, ਡਿਵੀਜ਼ਨ ਨੰਬਰ 3 ਪੁਲਸ ਸਟੇਸ਼ਨ ਦੀ ਪੁਲਸ ਤੁਰੰਤ ਹਰਕਤ ਵਿੱਚ ਆ ਗਈ। ਪੀੜਤਾ ਦੇ ਬਿਆਨ ਦੇ ਆਧਾਰ 'ਤੇ, ਪੁਲਸ ਨੇ ਮੁੱਖ ਦੋਸ਼ੀ ਮਨਦੀਪ ਵਿਰੁੱਧ ਗੰਭੀਰ, ਗੈਰ-ਜ਼ਮਾਨਤੀ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ, ਜਿਸ ਵਿੱਚ ਇੱਕ ਔਰਤ ਦੀ ਨਿਮਰਤਾ ਨੂੰ ਠੇਸ ਪਹੁੰਚਾਉਣਾ, ਜ਼ਬਰਦਸਤੀ ਬਲੈਕਮੇਲ ਕਰਨਾ ਅਤੇ ਵਾਰ-ਵਾਰ ਜਬਰ-ਜ਼ਿਨਾਹ ਕਰਨਾ ਸ਼ਾਮਲ ਹੈ।

## ਟਰੇਨਾਂ ਦੀ ਦੇਰੀ ਬਣੀ ਪ੍ਰੇਸ਼ਾਨੀ: ਸ਼ਾਨ-ਏ-ਪੰਜਾਬ ਸਾਢੇ 4, ਵੰਦੇ ਭਾਰਤ 4 ਘੰਟੇ ਲੇਟ

ਜਲੰਧਰ 1 ਜੁਲਾਈ। ਰੇਲਵੇ ਯਾਤਰੀਆਂ ਨੂੰ ਟਰੇਨਾਂ ਦੀ ਦੇਰੀ ਕਾਰਨ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਵੱਖ-ਵੱਖ ਰੂਟਾਂ 'ਤੇ ਕਈ ਮਹੱਤਵਪੂਰਨ ਟਰੇਨਾਂ ਆਪਣੇ ਤੈਅ ਸਮੇਂ ਤੋਂ ਘੰਟਿਆਂਬੱਧੀ ਦੇਰੀ ਨਾਲ ਪਹੁੰਚੀਆਂ, ਜਿਸ ਨਾਲ ਯਾਤਰੀਆਂ ਨੂੰ ਸਟੇਸ਼ਨ 'ਤੇ ਲੰਮੇ ਸਮੇਂ ਤੱਕ ਉਡੀਕ ਕਰਨੀ ਪਈ। ਖ਼ਾਸ ਕਰ ਕੇ ਅੰਮ੍ਰਿਤਸਰ-ਦਿੱਲੀ ਅਤੇ ਵੈਸ਼ਨੋ ਦੇਵੀ ਰੂਟ ਦੀਆਂ ਟਰੇਨਾਂ ਦੇ ਲੇਟ ਹੋਣ ਨਾਲ ਯਾਤਰੀਆਂ ਦੇ ਯਾਤਰਾ ਪਲਾਨ ਪ੍ਰਭਾਵਿਤ ਹੋਏ। ਅੰਮ੍ਰਿਤਸਰ ਤੋਂ ਨਵੀਂ ਦਿੱਲੀ ਜਾਣ ਵਾਲੀ ਸ਼ਾਨ-ਏ-ਪੰਜਾਬ ਐਕਸਪ੍ਰੈੱਸ ਆਪਣੇ ਤੈਅ ਸਮੇਂ ਸ਼ਾਮ 4.15 ਵਜੇ ਦੀ ਬਜਾਏ ਲਗਭਗ ਸਾਢੇ ਚਾਰ ਘੰਟੇ ਦੀ ਦੇਰੀ ਨਾਲ ਰਾਤ 8.45 ਵਜੇ ਜਲੰਧਰ ਸਿਟੀ ਰੇਲਵੇ ਸਟੇਸ਼ਨ ਪਹੁੰਚੀ। ਉੱਥੇ ਹੀ, ਵੈਸ਼ਨੋ ਦੇਵੀ ਵੰਦੇ ਭਾਰਤ ਐਕਸਪ੍ਰੈੱਸ ਵੀ ਆਪਣੇ ਤੈਅ ਸਮੇਂ ਸ਼ਾਮ 6.51 ਵਜੇ ਦੀ ਬਜਾਏ ਕਰੀਬ 4 ਘੰਟੇ ਦੀ ਦੇਰੀ ਨਾਲ ਜਲੰਧਰ ਕੈਂਟ ਰੇਲਵੇ ਸਟੇਸ਼ਨ ਪਹੁੰਚੀ। ਇਸ ਤੋਂ ਇਲਾਵਾ ਅੰਮ੍ਰਿਤਸਰ ਜਾਣ ਵਾਲੀ 15707 ਆਮਰਪਾਲੀ ਐਕਸਪ੍ਰੈੱਸ ਵੀ ਆਪਣੇ ਤੈਅ ਸਮੇਂ ਸਵੇਰੇ 10.30 ਵਜੇ ਦੀ ਬਜਾਏ ਲਗਭਗ ਸਾਢੇ ਚਾਰ ਘੰਟੇ ਦੀ ਦੇਰੀ ਨਾਲ ਦੁਪਹਿਰ 3 ਵਜੇ ਤੋਂ ਬਾਅਦ ਸਟੇਸ਼ਨ ਪਹੁੰਚੀ। ਉੱਥੇ ਹੀ, ਵੈਸ਼ਨੋ ਦੇਵੀ ਜਾਣ ਵਾਲੀ 12919 ਮਾਲਵਾ ਐਕਸਪ੍ਰੈੱਸ ਵੀ ਆਪਣੇ ਤੈਅ ਸਮੇਂ ਤੋਂ ਕਰੀਬ ਸਵਾ ਘੰਟਾ ਦੇਰੀ ਨਾਲ ਰਵਾਨਾ ਹੋਈ। ਟਰੇਨਾਂ ਦੀ ਦੇਰੀ ਕਾਰਨ ਯਾਤਰੀਆਂ ਨੂੰ ਸਟੇਸ਼ਨ 'ਤੇ ਲੰਮੇ ਸਮੇਂ ਤੱਕ ਇੰਤਜ਼ਾਰ ਕਰਨਾ ਪਿਆ।

# ਲੁਧਿਆਣਾ ਦੇ ਸੈਕਟਰ 32 'ਚ ਦਹਿਸ਼ਤ, ਖਾਲਸਾ ਵੈਜ ਪੁਆਇੰਟ 'ਤੇ ਗੋਲੀਬਾਰੀ ਤੋਂ ਬਾਅਦ ਨੌਜਵਾਨ ਦਾ ਅਗਵਾ

**ਕੌਮੀ ਪਤ੍ਰਿਕਾ**

ਲੁਧਿਆਣਾ 1 ਜੁਲਾਈ। ਲੁਧਿਆਣਾ ਦੇ ਚੰਡੀਗੜ੍ਹ ਰੋਡ ਸਥਿਤ ਸੈਕਟਰ 32 (ਬੀ.ਸੀ.ਐੱਮ. ਸਕੂਲ ਦੇ ਪਿੱਛੇ) ਵਿੱਚ ਬੀਤੀ ਰਾਤ ਪੁਰਾਣੀ ਰੰਜਿਸ਼ ਦੇ ਚੱਲਦਿਆਂ ਫਾਇਰਿੰਗ ਅਤੇ ਅਗਵਾ ਦਾ ਇੱਕ ਬੇਹੱਦ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ 'ਖਾਲਸਾ ਵੈਜ ਪੁਆਇੰਟ' 'ਤੇ ਨਿਊਟਰੀ-ਕੁਲਚਾ ਖਾ ਰਹੇ ਤਿੰਨ ਦੋਸਤਾਂ 'ਤੇ ਇਨੋਵਾ ਕਾਰ ਵਿੱਚ ਸਵਾਰ ਹੋ ਕੇ ਆਏ 10-12 ਹਥਿਆਰਬੰਦ ਹਮਲਾਵਰਾਂ ਨੇ ਅਚਾਨਕ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਇਲਾਕੇ ਵਿੱਚ ਦਹਿਸ਼ਤ ਫੈਲਾਉਣ ਲਈ ਦੋ ਹਵਾਈ ਫਾਇਰ ਕੀਤੇ ਅਤੇ ਇੱਕ ਨੌਜਵਾਨ ਨੂੰ ਜ਼ਬਰਦਸਤੀ ਗੱਡੀ ਵਿੱਚ ਪਾ ਕੇ ਅਗਵਾ ਕਰ ਲਿਆ। ਮਿਲੀ ਜਾਣਕਾਰੀ ਅਨੁਸਾਰ ਦਿਲਜੋਤ, ਸਚਿਨ ਅਤੇ ਸ਼ੁਭਮ ਨਾਮ ਦੇ ਤਿੰਨ ਨੌਜਵਾਨ ਸੈਕਟਰ 32 ਸਥਿਤ ਖਾਲਸਾ ਵੈਜ ਪੁਆਇੰਟ 'ਤੇ ਮੌਜੂਦ ਸਨ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਨੌਜਵਾਨਾਂ ਦੀ ਕੁਝ ਦਿਨ ਪਹਿਲਾਂ ਦੂਜੇ ਗੁੱਟ ਨਾਲ ਕਿਸੇ ਗੱਲ ਨੂੰ ਲੈ ਕੇ ਬਹਿਸ ਹੋਈ ਸੀ। ਜਿਵੇਂ ਹੀ ਵਿਰੋਧੀ ਧਿਰ ਨੂੰ ਇਨ੍ਹਾਂ ਦੇ ਉੱਥੇ ਹੋਣ ਦੀ ਭਿਣਕ ਲੱਗੀ, ਉਨ੍ਹਾਂ ਨੇ ਹਮਲਾ ਬੋਲ ਦਿੱਤਾ। ਹਮਲੇ ਦੌਰਾਨ ਸਚਿਨ ਮੌਕੇ ਤੋਂ ਭੱਜਣ ਵਿੱਚ ਕਾਮਯਾਬ ਰਿਹਾ, ਪਰ ਹਮਲਾਵਰਾਂ ਨੇ ਸ਼ੁਭਮ ਅਤੇ ਦਿਲਜੋਤ ਨੂੰ ਘੇਰ ਕੇ ਬੇਰਹਿਮੀ ਨਾਲ ਕੁੱਟਿਆ। ਜਦੋਂ ਸ਼ੁਭਮ ਨੇ ਹਮਲਾਵਰਾਂ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਬਦਮਾਸ਼ਾਂ ਨੇ ਉਸ 'ਤੇ ਪਿਸਤੌਲ ਤਾਣ ਦਿੱਤੀ ਅਤੇ ਸਿੱਧੀਆਂ ਧਮਕੀਆਂ ਦਿੰਦੇ ਹੋਏ ਦੋ ਹਵਾਈ ਫਾਇਰ ਕੀਤੇ। ਗੋਲੀਆਂ ਦੀ ਆਵਾਜ਼ ਨਾਲ ਬਾਜ਼ਾਰ ਵਿੱਚ ਹੜਕੰਪ ਮਚ ਗਿਆ ਅਤੇ ਲੋਕ ਆਪਣੀ ਜਾਨ ਬਚਾਉਣ ਲਈ ਇਧਰ-ਉਧਰ ਭੱਜਣ ਲੱਗੇ। ਇਸ ਤੋਂ ਬਾਅਦ ਹਮਲਾਵਰ ਲਹੂ-ਲੁਹਾਣ ਹਾਲਤ ਵਿੱਚ ਸ਼ੁਭਮ ਨੂੰ ਇਨੋਵਾ ਗੱਡੀ ਵਿੱਚ ਸੁੱਟ ਕੇ ਫਰਾਰ ਹੋ ਗਏ, ਜਦਕਿ ਦਿਲਜੋਤ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਵਾਰਦਾਤ ਦੀ ਸੂਚਨਾ ਮਿਲਦੇ ਹੀ ਏ.ਸੀ.ਪੀ. (13♦) ਰਾਜਕੁਮਾਰ ਅਤੇ ਥਾਣਾ ਡਿਵੀਜ਼ਨ ਨੰਬਰ 7 ਦੇ ਐੱਸ.ਐੱਚ.ਓ. ਇੰਸਪੈਕਟਰ ਗਗਨਦੀਪ ਸਿੰਘ ਭਾਰੀ ਪੁਲਸ ਫੋਰਸ ਸਮੇਤ ਮੌਕੇ 'ਤੇ ਪਹੁੰਚੇ। ਪੁਲਸ ਨੂੰ ਘਟਨਾ ਸਥਾਨ ਤੋਂ ਗੋਲੀਆਂ ਦੇ 2 ਖੋਲ ਬਰਾਮਦ ਹੋਏ ਹਨ,। ਇੰਸਪੈਕਟਰ ਗਗਨਦੀਪ ਸਿੰਘ ਨੇ ਦੱਸਿਆ ਕਿ ਪੀੜਤ ਦਿਲਜੋਤ ਦੇ ਬਿਆਨਾਂ ਦੇ ਆਧਾਰ 'ਤੇ ਸੰਗੀਨ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾ ਰਿਹਾ ਹੈ। ਪੁਲਸ ਵੱਲੋਂ ਇਲਾਕੇ ਦੇ ਸੀ.ਸੀ.ਟੀ.ਵੀ. (33“ਹ) ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ ਤਾਂ ਜੋ ਅਗਵਾ ਕੀਤੇ ਗਏ ਨੌਜਵਾਨ ਸ਼ੁਭਮ ਨੂੰ ਸੁਰੱਖਿਅਤ ਛੁਡਾਇਆ ਜਾ ਸਕੇ ਅਤੇ ਮੁਲਜ਼ਮਾਂ ਨੂੰ ਜਲਦ ਗ੍ਰਿਫਤਾਰ ਕੀਤਾ ਜਾ ਸਕੇ।

## ਲੋਹਾਰਾ ਨਹਿਰ 'ਚ ਨਹਾਉਣ ਗਿਆ ਨਾਬਾਲਗ ਤੇਜ਼ ਬਹਾਅ 'ਚ ਰੁੜ੍ਹਿਆ

ਲੁਧਿਆਣਾ 1 ਜੁਲਾਈ। ਲੁਧਿਆਣਾ ਦੇ ਨਿਊ ਸਤਗੁਰੂ ਨਗਰ (ਲੋਹਾਰਾ) ਇਲਾਕੇ ਤੋਂ ਇੱਕ ਬੇਹੱਦ ਦੁਖਦਾਈ ਖ਼ਬਰ ਸਾਹਮਣੇ ਆਈ ਹੈ, ਜਿੱਥੇ ਐਤਵਾਰ ਦੁਪਹਿਰ ਨੂੰ ਆਪਣੇ ਦੋਸਤਾਂ ਨਾਲ ਲੋਹਾਰਾ ਨਹਿਰ ਵਿੱਚ ਨਹਾਉਣ ਗਿਆ 15 ਸਾਲਾ ਕਿਸ਼ੋਰ ਅਨਮੋਲ ਅਚਾਨਕ ਪਾਣੀ ਦੇ ਤੇਜ਼ ਬਹਾਅ ਦੀ ਲਪੇਟ ਵਿੱਚ ਆਉਣ ਕਾਰਨ ਲਾਪਤਾ ਹੋ ਗਿਆ। ਘਟਨਾ ਤੋਂ ਬਾਅਦ ਇਲਾਕੇ ਵਿੱਚ ਹੜਕੰਪ ਮਚ ਗਿਆ ਅਤੇ ਦੇਰ ਰਾਤ ਤੱਕ ਚੱਲੇ ਸਰਚ ਆਪਰੇਸ਼ਨ ਦੇ ਬਾਵਜੂਦ ਕਿਸ਼ੋਰ ਦਾ ਕੋਈ ਸੁਰਾਗ ਨਹੀਂ ਮਿਲ ਸਕਿਆ ਹੈ। ਜਾਣਕਾਰੀ ਦਿੰਦਿਆਂ ਅਨਮੋਲ ਦੇ ਪਿਤਾ ਦੀਪਕ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਐਤਵਾਰ ਦੁਪਹਿਰ ਨੂੰ ਦੋਸਤਾਂ ਨਾਲ ਨਹਿਰ ਵਿੱਚ ਨਹਾਉਣ ਦੀ ਗੱਲ ਕਹਿ ਕੇ ਘਰੋਂ ਨਿਕਲਿਆ ਸੀ। ਨਹਿਰ ਵਿੱਚ ਨਹਾਉਂਦੇ ਸਮੇਂ ਪਾਣੀ ਦਾ ਬਹਾਅ ਬਹੁਤ ਤੇਜ਼ ਸੀ, ਜਿਸ ਕਾਰਨ ਅਨਮੋਲ ਅਚਾਨਕ ਰੁੜ੍ਹ ਗਿਆ। ਸ਼ਾਮ ਤੱਕ ਜਦੋਂ ਅਨਮੋਲ ਵਾਪਸ ਨਹੀਂ ਪਰਤਿਆ, ਤਾਂ ਪਰਿਵਾਰ ਨੇ ਆਪਣੇ ਪੱਧਰ 'ਤੇ ਦੋਸਤਾਂ ਤੋਂ ਪੁੱਛਗਿੱਛ ਕੀਤੀ ਅਤੇ ਨਹਿਰ ਦੇ ਆਲੇ-ਦੁਆਲੇ ਭਾਲ ਕੀਤੀ, ਪਰ ਕੁਝ ਪਤਾ ਨਾ ਲੱਗਣ 'ਤੇ ਉਨ੍ਹਾਂ ਨੇ ਤੁਰੰਤ ਮਰਾਡੋ ਪੁਲਸ ਚੌਕੀ ਅਤੇ ਥਾਣਾ ਡਾਬਾ ਵਿਖੇ ਸੂਚਿਤ ਕੀਤਾ। ਡਾਬਾ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਗੋਤਾਖੋਰਾਂ ਦੀ ਮਦਦ ਨਾਲ ਨਹਿਰ ਵਿਚ ਵਿਆਪਕ ਤਲਾਸ਼ੀ ਮੁਹਿੰਮ ਚਲਾਈ। ਪੁਲਸ ਅਧਿਕਾਰੀਆਂ ਅਨੁਸਾਰ ਹਨੇਰਾ ਜ਼ਿਆਦਾ ਹੋਣ ਅਤੇ ਪਾਣੀ ਦੀ ਰਫ਼ਤਾਰ ਤੇਜ਼ ਹੋਣ ਕਾਰਨ ਐਤਵਾਰ ਦੇਰ ਰਾਤ ਤੱਕ ਅਨਮੋਲ ਦਾ ਕੁਝ ਪਤਾ ਨਹੀਂ ਲੱਗ ਸਕਿਆ।

## ਕਿਰਾਏਦਾਰ ਘਰ 'ਚੋਂ ਨਕਦੀ ਤੇ ਹੋਰ ਸਾਮਾਨ ਲੈ ਕੇ ਹੋਇਆ ਫ਼ਰਾਰ

ਧਾਰੀਵਾਲ 1 ਜੁਲਾਈ। ਪਿੰਡ ਰਣੀਆ ਦੇ ਇਕ ਮਕਾਨ 'ਚ ਕਿਰਾਏ 'ਤੇ ਰਹਿ ਰਿਹਾ ਇਕ ਵਿਅਕਤੀ ਘਰ 'ਚੋਂ ਨਕਦੀ ਅਤੇ ਹੋਰ ਕੀਮਤੀ ਸਾਮਾਨ ਚੋਰੀ ਕਰ ਕੇ ਫ਼ਰਾਰ ਹੋ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਜਤਿੰਦਰ ਕੁਮਾਰ ਪੁੱਤਰ ਯਸ਼ਪਾਲ ਵਾਸੀ ਰਣੀਆ ਨੇ ਦੱਸਿਆ ਕਿ ਅਕਾਸ਼ ਨਾਮਕ ਇਕ ਵਿਅਕਤੀ ਪਿਛਲੇ ਕੁਝ ਸਮੇਂ ਤੋਂ ਉਸ ਦੇ ਘਰ 'ਚ ਬਤੌਰ ਕਿਰਾਏਦਾਰ ਰਹਿ ਰਿਹਾ ਸੀ। ਬੀਤੇ ਦਿਨੀਂ ਉਕਤ ਕਿਰਾਏਦਾਰ ਘਰ 'ਚ ਪਏ 4 ਚਾਂਦੀ ਦੇ ਸਿੱਕੇ, 15 ਹਜ਼ਾਰ ਰੁਪਏ ਦੀ ਨਕਦੀ ਅਤੇ ਕੁਝ ਪਿੱਤਲ ਦੇ ਬਰਤਨ ਚੋਰੀ ਕਰ ਕੇ ਮੌਕੇ ਤੋਂ ਫ਼ਰਾਰ ਹੋ ਗਿਆ। ਚੋਰੀ ਦੀ ਇਸ ਘਟਨਾ ਤੋਂ ਬਾਅਦ ਪੀੜਤ ਵੱਲੋਂ ਸਥਾਨਕ ਪੁਲਸ ਨੂੰ ਸੂਚਿਤ ਕੀਤਾ ਗਿਆ। ਥਾਣਾ ਧਾਰੀਵਾਲ ਦੀ ਪੁਲਸ ਨੇ ਜਤਿੰਦਰ ਕੁਮਾਰ ਦੇ ਬਿਆਨਾਂ ਦੇ ਆਧਾਰ 'ਤੇ ਉਕਤ ਮੁਲਜ਼ਮ ਕਿਰਾਏਦਾਰ ਅਕਾਸ਼ ਦੇ ਵਿਰੁੱਧ ਕਾਨੂੰਨੀ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਅਤੇ ਮੁਲਜ਼ਮ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਹਰਿਆਣਾ 'ਚ ਅਨਾਜ ਘੁਟਾਲਾ: 1000 ਟਨ ਝੋਨੇ ਦੇ ਗਾਇਬ ਹੋਣ ਨਾਲ ਮਚੀ ਹਾਹਾਕਾਰ

ਕਰਨਾਲ 1 ਜੁਲਾਈ। ਹਰਿਆਣਾ ਦੇ ਕਰਨਾਲ ਜ਼ਿਲ੍ਹੇ ਵਿੱਚ ਇੱਕ ਵੱਡਾ ਸਰਕਾਰੀ ਚੌਲਾਂ ਦਾ ਘੁਟਾਲਾ ਸਾਹਮਣੇ ਆਇਆ ਹੈ। ਜਦੋਂ ਪ੍ਰਸ਼ਾਸਨ ਨੇ ਜ਼ਿਲ੍ਹੇ ਦੀਆਂ ਵੱਖ-ਵੱਖ ਚੌਲ ਮਿੱਲਾਂ ਵਿੱਚ ਸਰਕਾਰੀ ਚੌਲਾਂ ਦੇ ਸਟਾਕ ਦਾ ਨਿਰੀਖਣ ਕੀਤਾ, ਤਾਂ ਲਗਭਗ 1,000 ਟਨ ਸਰਕਾਰੀ ਚੌਲ ਗਾਇਬ ਪਾਏ ਗਏ। ਇਸ ਚੌਲਾਂ ਦੀ ਬਾਜ਼ਾਰੀ ਕੀਮਤ ਲਗਭਗ 2.5 ਕਰੋੜ ਰੁਪਏ ਦੱਸੀ ਜਾ ਰਹੀ ਹੈ। ਜਿਵੇਂ ਹੀ ਇਹ ਮਾਮਲਾ ਸਾਹਮਣੇ ਆਇਆ, ਪ੍ਰਸ਼ਾਸਨ ਅਤੇ ਖੁਰਾਕ ਅਤੇ ਸਪਲਾਈ ਵਿਭਾਗ ਵਿੱਚ ਹਫੜਾ-ਦਫੜੀ ਮਚ ਗਈ। ਇਸ ਦੌਰਾਨ ਪ੍ਰਸ਼ਾਸਨ ਨੇ ਚੌਲ ਮਿੱਲ ਦੇ ਮਾਲਕ ਨਸੀਬ ਸਿੰਘ ਵਿਰੁੱਧ ਸਖ਼ਤ ਕਾਰਵਾਈ ਕੀਤੀ ਹੈ ਅਤੇ ਉਸਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸਦੀ ਮਹਿਲਾ ਸਾਥੀ ਵਿਰੁੱਧ ਵੀ ਮਾਮਲਾ ਦਰਜ ਕੀਤਾ ਗਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਜਲੰਧਰ 'ਚ ਹਾਈਵੇਅ 'ਤੇ ਚੱਲਦੀ ਕਾਰ ਨੂੰ ਲੱਗੀ ਅੱਗ, ਡਰਾਈਵਰਾਂ ਨੇ ਭੱਜ ਕੇ ਬਚਾਈ ਜਾਨ

ਜਲੰਧਰ 1 ਜੁਲਾਈ। ਪਠਾਨਕੋਟ ਚੌਕ ਨੇੜੇ ਹਾਈਵੇਅ 'ਤੇ ਇਕ ਚੱਲਦੀ ਕਾਰ ਨੂੰ ਭਿਆਨਕ ਅੱਗ ਲੱਗ ਗਈ। ਘਟਨਾ ਸਮੇਂ ਕਾਰ 'ਚ ਤਿੰਨ ਲੋਕ ਸਵਾਰ ਸਨ। ਕਾਰ ਨੂੰ ਅੱਗ ਲੱਗਦੇ ਹੀ ਸਵਾਰ ਤੁਰੰਤ ਮੌਕੇ ਤੋਂ ਭੱਜ ਗਏ। ਹਾਦਸੇ ਕਾਰਨ ਲੋਕਾਂ 'ਚ ਦਹਿਸ਼ਤ ਫੈਲ ਗਈ ਅਤੇ ਉਨ੍ਹਾਂ ਨੇ ਫਾਇਰ ਵਿਭਾਗ ਨੂੰ ਸੂਚਿਤ ਕੀਤਾ। ਇਕ ਯਾਤਰੀ ਰਜਿੰਦਰ ਕੁਮਾਰ ਨੇ ਦੱਸਿਆ ਕਿ ਇੰਡੀਗੋ ਕਾਰ ਲੁਧਿਆਣਾ ਤੋਂ ਆ ਰਹੀ ਸੀ। ਅਚਾਨਕ ਕਾਰ ਰੁਕ ਗਈ ਅਤੇ ਧੂੰਆਂ ਉੱਠਣ ਲੱਗਾ। ਹਾਦਸੇ ਤੋਂ ਬਾਅਦ ਹਫ਼ੜਾ-ਦਫ਼ੜੀ ਵਿਚ 3 ਲੋਕ ਨਿਕਲੇ ਅਤੇ ਗੱਡੀ ਤੋਂ ਦੂਰ ਭੱਜ ਕੇ ਜਾਨ ਬਚਾਈ। ਇਸ ਦੌਰਾਨ ਜਗਦੰਬਾ ਸਟੀਲ ਕੰਪਨੀ ਤੋਂ ਲਏ ਗਏ ਪੰਪ ਤੋਂ ਪਾਣੀ ਦਾ ਛਿੜਕਾਅ ਕਰਕੇ ਅੱਗ 'ਤੇ ਕਾਬੂ ਪਾਇਆ ਗਿਆ। ਕੋਈ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਸਵਾਰੀਆਂ ਨੂੰ ਸੁਰੱਖਿਅਤ ਘਰ ਭੇਜ ਦਿੱਤਾ ਗਿਆ। ਹਾਦਸੇ ਵਿੱਚ ਕਾਰ ਨੂੰ ਕਾਫ਼ੀ ਨੁਕਸਾਨ ਹੋਇਆ। ਘਟਨਾ ਦੀ ਇਕ ਵੀਡੀਓ ਵੀ ਸਾਹਮਣੇ ਆਈ ਹੈ, ਜਿਸ 'ਚ ਵਿਖਾਇਆ ਗਿਆ ਹੈ ਕਿ ਕਾਰ ਦਾ ਅਗਲਾ ਹਿੱਸਾ ਕਾਫ਼ੀ ਹੱਦ ਤੱਕ ਸੜ ਕੇ ਸੁਆਹ ਹੋ ਗਿਆ ਹੈ।

## ਟੂਣੇ ਕਰਨ ਵਾਲੇ ਬੰਦੇ ਦੀ ਹੋਈ ਛਿੱਤਰ-ਪਰੇਡ ! ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ

ਲੁਧਿਆਣਾ 1 ਜੁਲਾਈ। ਥਾਣਾ ਸਲੇਮ ਟਾਬਰੀ ਦੇ ਅਧੀਨ ਆਉਂਦੇ ਮੁਹੱਲਾ ਖਜੂਰ ਚੌਕ ਵਿਚ ਬੀਤੀ ਰਾਤ ਇਕ ਵਿਅਕਤੀ ਵੱਲੋਂ ਜਾਦੂ-ਟੂਣਾ ਕਰਦਿਆਂ ਇਕ ਘਰ ਵਿਚ ਕੁਝ ਸਮੱਗਰੀ ਸੁੱਟੀ ਗਈ। ਜਦੋਂ ਸਵੇਰੇ ਉਕਤ ਵਿਅਕਤੀ ਨੇ ਆਪਣੇ ਘਰ ਦੇ ਅੰਦਰ ਜਾਦੂ-ਟੂਣੇ ਦਾ ਸਾਮਾਨ ਡਿੱਗਿਆ ਵੇਖਿਆ ਤਾਂ ਉਸ ਨੇ ਘਰ ਦੇ ਬਾਹਰ ਲੱਗੇ ਸੀ. ਸੀ. ਟੀ. ਵੀ. ਕੈਮਰੇ ਚੈੱਕ ਕੀਤੇ। ਇਸ ਵਿਚ ਮੁਹੱਲੇ ਦਾ  ਤੋਂ ਆ ਰਹੀ ਸੀ। ਅਚਾਨਕ ਕਾਰ ਰੁਕ ਗਈ ਅਤੇ ਧੂੰਆਂ ਉੱਠਣ ਲੱਗਾ। ਹਾਦਸੇ ਤੋਂ ਬਾਅਦ ਹਫ਼ੜਾ-ਦਫ਼ੜੀ ਵਿਚ 3 ਲੋਕ ਨਿਕਲੇ ਅਤੇ ਗੱਡੀ ਤੋਂ ਇਕ ਵਿਅਕਤੀ ਸੀ. ਸੀ. ਟੀ. ਵੀ. ਕੈਮਰੇ ਵਿਚ ਇਹ ਸਮੱਗਰੀ ਸੁੱਟਦਾ ਨਜ਼ਰ ਆਇਆ। ਉਕਤ ਵਿਅਕਤੀ ਵੱਲੋਂ ਮੁਹੱਲੇ ਵਿਚ ਰਹਿਣ ਵਾਲੇ ਜਾਦੂ ਟੂਣਾ ਕਰਨ ਵਾਲੇ ਵਿਅਕਤੀ ਨੂੰ ਫੜ ਕੇ ਉਸ ਦੀ ਚੱਪਲਾਂ ਨਾਲ ਕੁੱਟਮਾਰ ਕੀਤੀ ਗਈ ਤੇ ਉਸ ਦੇ ਮੂੰਹ ਉੱਪਰ ਚੱਪਲਾਂ ਮਾਰੀਆਂ ਗਈਆਂ। ਇਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਹੀ ਹੈ। ਮੁਹੱਲੇ ਦੇ ਲੋਕਾਂ ਨੇ ਦੱਸਿਆ ਕਿ ਉਕਤ ਵਿਅਕਤੀ ਪਿਛਲੇ ਲੰਮੇ ਸਮੇਂ ਤੋਂ ਮੁਹੱਲੇ ਵਿਚ ਜਾਦੂ-ਟੂਣੇ ਕਰਦਾ ਰਹਿੰਦਾ ਹੈ, ਜਿਸ ਕਾਰਨ ਇਲਾਕੇ ਦੇ ਲੋਕ ਉਸ ਤੋਂ ਕਾਫ਼ੀ ਦੁਖੀ ਹਨ। ਇਸ ਸਬੰਧੀ ਜਦੋਂ ਥਾਣਾ ਸਲੇਮ ਟਾਬਰੀ ਦੇ ਥਾਣੇਦਾਰ ਰਾਜੇਸ਼ ਕੁਮਾਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਪੁਲਸ ਕੋਲ ਅਜੇ ਤਕ ਕੋਈ ਵੀ ਸ਼ਿਕਾਇਤ ਨਹੀਂ ਪਹੁੰਚੀ। ਉਨ੍ਹਾਂ ਦੱਸਿਆ ਕਿ ਜੇਕਰ ਕੋਈ ਸ਼ਿਕਾਇਤ ਪਹੁੰਚੀ ਤਾਂ ਪੁਲਸ ਕਾਨੂੰਨ ਮੁਤਾਬਕ ਕਾਰਵਾਈ ਕਰੇਗੀ।

## ਘਰ 'ਚ ਚੱਲ ਰਿਹਾ ਸੀ ਨਾਜਾਇਜ਼ ਸ਼ਰਾਬ ਦਾ ਧੰਦਾ, ਪੁਲਸ ਨੇ ਕੀਤੀ ਛਾਪੇਮਾਰੀ

ਫਰੀਦਕੋਟ 1 ਜੁਲਾਈ। ਥਾਣਾ ਸਦਰ ਫਰੀਦਕੋਟ ਦੀ ਪੁਲਸ ਨੇ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਦੌਰਾਨ ਕਾਰਵਾਈ ਕਰਦਿਆਂ ਇਕ ਵਿਅਕਤੀ ਦੇ ਘਰ ਵਿਚੋਂ 15 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕਰਕੇ ਉਸ ਖ਼?ਲਾਫ਼ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਪੁਲਸ ਪਾਰਟੀ ਪਿੰਡਾਂ ਵਿਚ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਭਾਲ ਸਬੰਧੀ ਪੁਲ ਸੇਮਨਾਲਾ, ਪਿੰਡ ਪਿਪਲੀ ਵਿਖੇ ਮੌਜੂਦ ਸੀ। ਇਸ ਦੌਰਾਨ ਮੁਖਬਰ ਨੇ ਇਤਲਾਹ ਦਿੱਤੀ ਕਿ ਪਿੰਡ ਅਰਾਈਆਂਵਾਲਾ ਕਲਾਂ, ਜ਼ਿਲ੍ਹਾ ਫਰੀਦਕੋਟ ਦਾ ਰਹਿਣ ਵਾਲਾ ਅੰਮ੍ਰਿਤਪਾਲ ਸਿੰਘ ਆਪਣੇ ਘਰ ਵਿੱਚ ਨਾਜਾਇਜ਼ ਢੰਗ ਨਾਲ ਸ਼ਰਾਬ ਤਿਆਰ ਕਰਕੇ ਵੇਚਣ ਦਾ ਧੰਦਾ ਕਰਦਾ ਹੈ। ਸੂਚਨਾ ਨੂੰ ਭਰੋਸੇਯੋਗ ਮੰਨਦਿਆਂ ਪੁਲਸ ਨੇ ਤੁਰੰਤ ਉਕਤ ਵਿਅਕਤੀ ਦੇ ਘਰ 'ਤੇ ਛਾਪੇਮਾਰੀ ਕੀਤੀ। ਤਲਾਸ਼ੀ ਦੌਰਾਨ ਘਰ ਵਿੱਚੋਂ 15 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਹੋਈਆਂ। ਥਾਣਾ ਸਦਰ ਫਰੀਦਕੋਟ ਦੀ ਪੁਲਸ ਨੇ ਮੁਲਜ਼ਮ ਖ਼?ਲਾਫ਼ ਆਬਕਾਰੀ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਅਗਲੇਰੀ ਜਾਂਚ ਅਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਬੈਂਕ ਤੋਂ ਪੈਸੇ ਕਢਵਾ ਕੇ ਆ ਰਹੀ ਔਰਤ ਨਾਲ ਲੁੱਟ ! ਬੈਗ ਖੋਹ ਕੇ ਲੈ ਗਏ ਲੁਟੇਰੇ

ਬਰੇਟਾ 1 ਜੁਲਾਈ। ਸਥਾਨਕ ਸ਼ਹਿਰ ਦੇ ਬੱਸ ਸਟੈਂਡ ਰੋਡ ਤੋਂ 2 ਮੋਟਰ ਸਾਈਕਲ ਸਵਾਰਾਂ ਵੱਲੋਂ ਮਹਿਲਾ ਦਾ ਬੈਗ ਖੋਹ ਕੇ ਰਫੂਚੱਕਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਸਾਰੀ ਘਟਨਾ ਨੇੜੇ ਲੱਗੇ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਈ। ਇਸ ਸਬੰਧੀ ਗੱਲਬਾਤ ਕਰਦਿਆਂ ਬਜ਼ੁਰਗ ਔਰਤ ਗੁਰਮੇਲ  ਤੋਂ ਆ ਰਹੀ ਸੀ। ਅਚਾਨਕ ਕਾਰ ਰੁਕ ਗਈ ਅਤੇ ਧੂੰਆਂ ਉੱਠਣ ਲੱਗਾ। ਹਾਦਸੇ ਤੋਂ ਬਾਅਦ ਹਫ਼ੜਾ-ਦਫ਼ੜੀ ਵਿਚ 3 ਲੋਕ ਨਿਕਲੇ ਅਤੇ ਗੱਡੀ ਤੋਂ  ਤੋਂ ਆ ਰਹੀ ਸੀ। ਅਚਾਨਕ ਕਾਰ ਰੁਕ ਗਈ ਅਤੇ ਧੂੰਆਂ ਉੱਠਣ ਲੱਗਾ। ਹਾਦਸੇ ਤੋਂ ਬਾਅਦ ਹਫ਼ੜਾ-ਦਫ਼ੜੀ ਵਿਚ 3 ਲੋਕ ਨਿਕਲੇ ਅਤੇ ਗੱਡੀ ਤੋਂ ਕੌਰ ਨੇ ਦੱਸਿਆ ਕਿ ਉਹ ਬੈਂਕ 'ਚੋਂ ਪੈਸੇ ਕਢਵਾਉਣ ਤੋਂ ਬਾਅਦ ਖਰੀਦਦਾਰੀ ਕਰਨ ਤੋਂ ਬਾਅਦ ਆਪਣੇ ਪਿੰਡ ਦਿਆਲਪੁਰਾ ਜਾਣ ਲਈ ਬੱਸ ਸਟੈਂਡ ਨੂੰ ਜਾ ਰਹੀ ਸੀ। ਇਸ ਦੌਰਾਨ ਬੱਸ ਸਟੈਂਡ ਵਾਲੀ ਗਲੀ ਵਿਚ ਪਿੱਛੋਂ 2 ਮੋਟਰ ਸਾਈਕਲ ਸਵਾਰ ਉਸ ਦਾ ਬੈਗ ਖੋਹ ਕੇ ਰਫੂ ਚੱਕਰ ਹੋ ਗਏ। ਉਸ ਦੇ ਬੈਗ ਵਿਚ 10 ਹਜ਼ਾਰ ਨਕਦੀ, ਮੋਬਾਇਲ ਫੋਨ, ਆਧਾਰ ਕਾਰਡ ਅਤੇ ਹੋਰ ਜ਼ਰੂਰੀ ਕਾਗਜ਼ਾਤ ਸਨ। ਇਸ ਸਬੰਧੀ ਉਨ੍ਹਾਂ ਨੇ ਪੁਲਸ ਨੂੰ ਸੂਚਨਾ ਦੇ ਦਿੱਤੀ। ਸਾਰੀ ਘਟਨਾ ਉੱਥੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ 'ਚ ਕੈਦ ਹੋ ਚੁੱਕੀ ਹੈ ਪੁਲਸ ਜਾਂਚ ਕਰ ਰਹੀ ਹੈ।

# ਕਪੂਰਥਲਾ 'ਚ ਵਿਆਹ ਸਮਾਗਮ ਦੌਰਾਨ ਦੋ ਧਿਰਾਂ ਵਿਚਾਲੇ ਝੜਪ, ਚੱਲੇ ਹਥਿਆਰ

**ਕੌਮੀ ਪਤ੍ਰਿਕਾ**

ਕਪੂਰਥਲਾ 1 ਜੁਲਾਈ। ਕਪੂਰਥਲਾ ਵਿਖੇ ਮਾਡਲ ਟਾਊਨ ਦੇ ਸਿਟੀ ਹਾਲ ਨੇੜੇ ਇਕ ਗਲੀ 'ਚ ਵਿਆਹ ਸਮਾਗਮ ਦੌਰਾਨ ਦੋ ਧਿਰਾਂ ਵਿਚਕਾਰ ਹਿੰਸਕ ਝੜਪ ਹੋ ਗਈ। ਇਸ ਦੌਰਾਨ ਦੋ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਏ। ਸਿਟੀ ਪੁਲਸ ਸਟੇਸ਼ਨ ਦੇ ਐੱਸ. ਐੱਚ. ਓ. ਅਤੇ ਪਰਿਵਾਰਕ ਮੈਂਬਰਾਂ ਦੀ ਮਦਦ ਨਾਲ ਦੋਵਾਂ ਨੂੰ ਸਿਵਲ ਹਸਪਤਾਲ ਕਪੂਰਥਲਾ 'ਚ ਦਾਖ਼ਲ ਕਰਵਾਇਆ ਗਿਆ। ਇਲਾਜ ਦੌਰਾਨ ਜ਼ਖ਼ਮੀ ਮਨਪ੍ਰੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਦੇਵਲਾਂਵਾਲਾ ਨੇ ਦੱਸਿਆ ਕਿ ਉਹ ਆਪਣੇ ਰਿਸ਼ਤੇਦਾਰ ਦੇ ਵਿਆਹ 'ਚ ਸ਼ਾਮਲ ਹੋਣ ਆਇਆ ਸੀ। ਡੀ. ਜੇ. ਨੂੰ ਲੈ ਕੇ ਬੀਤੀ ਰਾਤ ਇਕ ਮਾਮੂਲੀ ਝਗੜਾ ਹੋਇਆ ਸੀ, ਜਿਸ ਨੂੰ ਪਰਿਵਾਰਕ ਮੈਂਬਰਾਂ ਵਿਚਕਾਰ ਸਮਝੌਤਾ ਕਰਕੇ ਹੱਲ ਕਰ ਲਿਆ ਗਿਆ। ਮਨਪ੍ਰੀਤ ਸਿੰਘ ਮੁਤਾਬਕ ਸਾਹਿਲ ਅਤੇ ਉਸ ਦੇ ਕੁਝ ਦੋਸਤਾਂ ਨੇ ਅਗਲੇ ਦਿਨ ਵਿਆਹ ਸਮਾਗਮ



ਦੌਰਾਨ ਉਸ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ, ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਿਆ। ਉੱਥੇ ਹੀ ਦੂਜੇ ਪਾਸੇ ਸਾਹਿਲ ਪੁੱਤਰ ਸੁਖਵਿੰਦਰ ਵਾਸੀ ਸਾਬੂਵਾਲ ਨੇ ਦੱਸਿਆ ਕਿ ਉਹ ਆਪਣੇ ਸਾਥੀ ਨਾਲ ਵਿਵਾਹ ਸਮਾਰੋਹ ਵਿਚ ਆਇਆ ਸੀ। ਉਸ ਨੇ ਦੋਸ਼ ਲਗਾਇਆ ਹੈ ਕਿ ਮਨਪ੍ਰੀਤ ਸਿੰਘ ਅਤੇ ਉਸ ਦੇ ਸਾਥੀਆਂ ਨਾਲ ਹੋਏ ਝਗੜੇ ਤੋਂ ਬਾਅਦ ਉਨ੍ਹਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ, ਜਿਸ ਨਾਲ ਉਸ ਦਾ ਹੱਥ 'ਤੇ ਗੰਭੀਰ ਸੱਟ ਲੱਗ ਗਈ। ਦੋਵਾਂ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਐਮਰਜੈਂਸੀ ਸਥਿਤੀ 'ਚ ਦਾਖ਼ਲ ਕਰਵਾਇਆ ਗਿਆ, ਜਿੱਥੇ ਡਿਊਟੀ ਡਾਕਟਰ ਵਿਜੇ ਨੇ ਉਨ੍ਹਾਂ ਦਾ ਇਲਾਜ ਕੀਤਾ। ਸਾਹਿਲ ਦੀ ਹਾਲਤ ਨਾਜ਼ੁਕ ਸੀ ਅਤੇ ਮੁੱਢਲੀ ਸਹਾਇਤਾ ਤੋਂ ਬਾਅਦ ਉਸ ਨੂੰ ਮੈਡੀਕਲ ਕਾਲਜ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ। ਦੋਵਾਂ ਜ਼ਖ਼ਮੀਆਂ ਦੀ ਐੱਮ. ਐੱਲ. ਆਰ. ਤਿਆਰ ਕਰਕੇ ਸਿਟੀ ਪੁਲਸ ਸਟੇਸ਼ਨ ਭੇਜ ਦਿੱਤੀ ਗਈ ਹੈ। ਸਿਟੀ ਪੁਲਸ ਸਟੇਸ਼ਨ ਦੇ ਐੱਸ. ਐੱਚ. ਓ. ਅਮਨਦੀਪ ਨਾਹਰ ਨੇ ਦੱਸਿਆ ਕਿ ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਕ ਵਿਆਹ ਸਮਾਰੋਹ ਦੌਰਾਨ ਦੋ ਧਿਰਾਂ ਵਿਚਕਾਰ ਲੜਾਈ ਹੋਈ ਸੀ, ਜਿਸ 'ਚ ਸਾਹਿਲ ਦੇ ਹੱਥ 'ਤੇ ਗੰਭੀਰ ਸੱਟ ਲੱਗੀ, ਜਦਕਿ ਮਨਪ੍ਰੀਤ ਨੂੰ ਵੀ ਸੱਟਾਂ ਲੱਗੀਆਂ। ਪੁਲਸ ਦੋਵਾਂ ਧਿਰਾਂ ਦੇ ਬਿਆਨ ਦਰਜ ਕਰਨ ਤੋਂ ਬਾਅਦ ਅਗਲੀ ਕਾਨੂੰਨੀ ਕਾਰਵਾਈ ਕਰੇਗੀ।

## ਇਨੋਵਾ ਅਤੇ ਸਕੋਡਾ ਵਿਚਾਲੇ ਭਿਆਨਕ ਟੱਕਰ, ਦੋ ਲੋਕ ਗੰਭੀਰ ਜ਼ਖ਼ਮੀ

ਜਲੰਧਰ 1 ਜੁਲਾਈ। ਜਲੰਧਰ ਦੇ ਸ੍ਰੀ ਗੁਰੂ ਰਵਿਦਾਸ ਚੌਕ ਨੇੜੇ ਇਕ ਇਨੋਵਾ ਅਤੇ ਸਕੋਡਾ ਵਿਚਕਾਰ ਜ਼ਬਰਦਸਤ ਟੱਕਰ ਹੋ ਗਈ। ਦੋਵੇਂ ਵਾਹਨ ਪੂਰੀ ਤਰ੍ਹਾਂ ਤਬਾਹ ਹੋ ਗਏ। ਇਨੋਵਾ ਵਿੱਚ ਸਵਾਰ ਦੋ ਲੋਕਾਂ ਦੇ ਸਿਰ ਵਿੱਚ ਗੰਭੀਰ ਸੱਟਾਂ ਲੱਗੀਆਂ ਅਤੇ ਉਨ੍ਹਾਂ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ। ਚਸ਼ਮਦੀਦਾਂ ਦੇ ਅਨੁਸਾਰ ਦੂਜੀ ਕਾਰ ਦਾ ਡਰਾਈਵਰ ਕਥਿਤ ਤੌਰ 'ਤੇ ਨਸ਼ੇ ਦੀ ਹਾਲਾਤ 'ਚ ਸੀ ਅਤੇ ਸੜਕ ਦੇ ਗਲਤ ਪਾਸੇ ਗੱਡੀ ਚਲਾ ਰਿਹਾ ਸੀ। ਪੁਲਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ, ਅਤੇ ਨੇੜਲੇ ਪੈਟਰੋਲ ਪੰਪ ਤੋਂ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ। ਘਟਨਾ ਸਮੇਂ ਇਕ ਚਸ਼ਮਦੀਦ ਨੇ ਦੱਸਿਆ ਕਿ ਸੋਮਵਾਰ ਨੂੰ, ਉਹ ਮਬਰੋ ਚੌਕ ਤੋਂ ਸ੍ਰੀ ਗੁਰੂ ਰਵਿਦਾਸ ਚੌਕ ਵੱਲ ਜਾ ਰਹੇ ਸਨ। ਪਰ ਸੜਕ ਦੇ ਚਿੰਨ੍ਹ ਜਾਂ ਸੂਚਨਾ ਬੋਰਡਾਂ ਦੀ ਘਾਟ ਕਾਰਨ, ਲੋਕਾਂ ਨੂੰ ਅਕਸਰ ਸਹੀ ਰਸਤੇ ਦਾ ਅੰਦਾਜ਼ਾ ਨਹੀਂ ਲੱਗਦਾ। ਪੀੜਤ ਪੱਖ ਦਾ ਦੋਸ਼ ਹੈ ਕਿ ਆ ਰਹੀ ਸਕੋਡਾ ਕਾਰ ਦਾ ਡਰਾਈਵਰ ਬਹੁਤ ਜ਼ਿਆਦਾ ਨਸ਼ੇ ਦੀ ਹਾਲਤ 'ਚ ਸੀ ਅਤੇ ਸੜਕ ਦੇ ਗਲਤ ਪਾਸੇ ਤੇਜ਼ ਰਫ਼ਤਾਰ ਨਾਲ ਗੱਡੀ ਚਲਾ ਰਿਹਾ ਸੀ। ਦੱਸਿਆ ਜਾ ਰਿਹਾ ਹੈ ਕਿ ਟੱਕਰ ਤੋਂ ਬਾਅਦ ਜਿਵੇਂ ਹੀ ਡਰਾਈਵਰ ਕਾਰ ਤੋਂ ਬਾਹਰ ਨਿਕਲਿਆ, ਉਹ ਆਪਣਾ ਸੰਤੁਲਨ ਗੁਆ ਬੈਠਾ ਅਤੇ ਜ਼ਮੀਨ 'ਤੇ ਡਿੱਗ ਪਿਆ, ਆਪਣੇ ਆਪ 'ਤੇ ਕਾਬੂ ਨਾ ਰੱਖ ਸਕਿਆ।

## ਕੱਪੜਾ ਵਪਾਰੀ ਘਰ ਫਾਇਰਿੰਗ ਕਰਨ ਵਾਲਾ ਤੀਜਾ ਮੁਲਜ਼ਮ ਕਾਬੂ

ਬਟਾਲਾ 1 ਜੁਲਾਈ। ਬੀਤੇ ਦਿਨੀਂ 'ਫੈਸ਼ਨ ਲੰਡਨ ਸ਼ੋਅਰੂਮ' ਦੇ ਮਾਲਕ ਦੇ ਸੰਤ ਰਸੀਲਾ ਐਵੀਨਿਊ ਬਟਾਲਾ ਵਿਖੇ ਸਥਿਤ ਘਰ 'ਤੇ ਗੋਲੀਆਂ ਚਲਾਉਣ ਵਾਲੇ 5 ਮੁਲਜ਼ਮਾਂ ਵਿਚੋਂ ਤੀਜੇ ਮੁਲਜ਼ਮ ਨੂੰ ਵੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ।ਜਾਣਕਾਰੀ ਦਿੰਦਿਆਂ ਐੱਸ. ਐੱਸ. ਪੀ. ਬਟਾਲਾ ਡਾ. ਮਹਿਤਾਬ ਸਿੰਘ ਨੇ ਦੱਸਿਆ ਕਿ ਬਟਾਲਾ ਦੇ ਚਰਚਿਤ 'ਫੈਸ਼ਨ ਲੰਡਨ ਰੈਡੀਮੇਡ ਗਾਰਮੈਂਟਸ' ਦੇ ਮਾਲਕ ਦੇ ਘਰ 'ਤੇ 5 ਨੌਜਵਾਨਾਂ ਵੱਲੋਂ ਗੋਲੀਆਂ ਚਲਾਈਆਂ ਗਈਆਂ ਸਨ, ਜਿਸ ਸਬੰਧੀ ਥਾਣਾ ਸਿਵਲ ਲਾਈਨ ਵਿਖੇ ਮਾਮਲਾ ਦਰਜ ਕੀਤਾ ਗਿਆ ਸੀ। ਤਫਤੀਸ਼ ਨੂੰ ਅੱਗੇ ਵਧਾਉਂਦੇ ਹੋਏ ਉਕਤ ਮੁਲਜ਼ਮਾਂ ਵਿਚੋਂ 2 ਨੂੰ ਪਹਿਲਾਂ ਹੀ ਪੁਲਸ ਗ੍ਰਿਫਤਾਰ ਕਰ ਚੁੱਕੀ ਹੈ, ਜਦਕਿ ਤੀਜੇ ਮੁਲਜ਼ਮ ਨੂੰ ਪੁਲਸ ਨੇ ਅੱਜ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ, ਜਿਸ ਦੀ ਪਛਾਣ ਰਵੀ ਵਾਸੀ ਉਮਰਪੁਰਾ ਬਟਾਲਾ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਉਕਤ ਨੌਜਵਾਨ ਨੂੰ ਜਦੋਂ ਪੁਲਸ ਪਾਰਟੀ ਥਿੰਦ ਧਾਰੀਵਾਲ ਨਹਿਰ 'ਤੇ ਉਸ ਦੀ ਨਿਸ਼ਾਨਦੇਹੀ 'ਤੇ ਹਥਿਆਰ ਬਰਾਮਦ ਕਰਵਾਉਣ ਲਈ ਲੈ ਕੇ ਗਈ ਤਾਂ ਉਸ ਨੇ ਪੁਲਸ ਪਾਰਟੀ 'ਤੇ ਲੁਕੋ ਕੇ ਰੱਖੇ ਹਥਿਆਰ ਨਾਲ ਗੋਲੀਆਂ ਚਲਾ ਦਿੱਤੀਆਂ ਗਈਆਂ ਪਰ ਪੁਲਸ ਮੁਲਾਜ਼ਮ ਵਾਲ-ਵਾਲ ਬਚ ਗਏ। ਪੁਲਸ ਪਾਰਟੀ ਦੀ ਜਵਾਬੀ ਕਾਰਵਾਈ ਦੌਰਾਨ ਉਕਤ ਨੌਜਵਾਨ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ ਹੈ

# ਨਸ਼ਿਆਂ ਵਿਰੁੱਧ ਪੁਲਸ ਦੀ ਵੱਡੀ ਕਾਰਵਾਈ ! ਕਾਰ 'ਚੋਂ ਹੈਰੋਇਨ ਸਮੇਤ 2 ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਸ੍ਰੀ ਮੁਕਤਸਰ ਸਾਹਿਬ, 1 ਜੁਲਾਈ। ਨਸ਼ਾ ਸਮੱਗਲਰਾਂ ਖ਼ਿਲਾਫ ਵਿੱਢੀ ਮੁਹਿੰਮ ਤਹਿਤ ਸ੍ਰੀ ਮੁਕਤਸਰ ਸਾਹਿਬ ਪੁਲਸ ਨੂੰ ਉਸ ਵੇਲੇ ਇਕ ਵੱਡੀ ਸਫ਼ਲਤਾ ਮਿਲੀ, ਜਦੋਂ ਮਲੋਟ-ਸ੍ਰੀ ਮੁਕਤਸਰ ਸਾਹਿਬ ਰੋਡ 'ਤੇ ਚੈਕਿੰਗ ਦੌਰਾਨ ਇਕ ਚਿੱਟੇ ਰੰਗ ਦੀ ਵਰਨਾ ਕਾਰ 'ਚੋਂ ਨਸ਼ੀਲਾ ਪਦਾਰਥ (ਹੈਰੋਇਨ) ਬਰਾਮਦ ਕਰ ਕੇ 2 ਨੌਜਵਾਨਾਂ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਮਿਲੀ ਜਾਣਕਾਰੀ ਮੁਤਾਬਕ ਥਾਣੇਦਾਰ ਬਲਵਿੰਦਰ ਸਿੰਘ ਸਮੇਤ ਪੁਲਸ ਪਾਰਟੀ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਅਤੇ ਗਸ਼ਤ ਦੇ ਸਬੰਧ ਵਿਚ ਮਲੋਟ-ਸ੍ਰੀ ਮੁਕਤਸਰ ਸਾਹਿਬ ਰੋਡ 'ਤੇ ਸਥਿਤ ਸੇਮਨਾਲਾ, ਬਿਜਲੀ ਘਰ ਦੇ ਸਾਹਮਣੇ ਮੌਜੂਦ ਸੀ। ਇਸੇ ਦੌਰਾਨ ਪਿੰਡ ਰੁਪਾਣਾ ਵੱਲੋਂ ਆ ਰਹੀ ਇੱਕ ਚਿੱਟੇ ਰੰਗ ਦੀ ਵਰਨਾ ਕਾਰ (ਨੰਬਰ: ਡੀ. ਐੱਲ. 7 ਸੀ. ਟੀ. 1187) ਨੂੰ ਜਦੋਂ ਪੁਲਸ ਨੇ ਰੁਕਣ ਦਾ ਇਸ਼ਾਰਾ ਕੀਤਾ, ਤਾਂ ਡਰਾਈਵਰ ਨੇ ਘਬਰਾ ਕੇ ਗੱਡੀ ਨੂੰ ਪਿੱਛੇ ਮੋੜਨ ਜਾਂ ਰੋਕਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਕਰਮਚਾਰੀਆਂ ਨੇ ਤੁਰੰਤ ਮੁਸਤੈਦੀ ਦਿਖਾਉਂਦੇ ਹੋਏ ਕਾਰ ਨੂੰ ਘੇਰ ਕੇ ਰੋਕ ਲਿਆ। ਕਾਰ ਵਿਚ ਦੋ ਨੌਜਵਾਨ ਸਵਾਰ ਸਨ। ਸ਼ੱਕ ਹੋਣ



'ਤੇ ਜਦੋਂ ਪੁਲਸ ਵੱਲੋਂ ਗੱਡੀ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ, ਤਾਂ ਕਾਰ ਦੇ ਗੇਅਰ ਲੀਵਰ ਕੋਲੋਂ ਇਕ ਚਿੱਟੇ ਰੰਗ ਦੇ ਮੋਮੀ ਕਾਗਜ਼ (ਲਿਫ਼ਾਫ਼ੇ) ਵਿਚ ਲਪੇਟਿਆ ਹੋਇਆ ਨਸ਼ੀਲਾ ਪਦਾਰਥ ਬਰਾਮਦ ਹੋਇਆ। ਪੁਲਸ ਵੱਲੋਂ ਮੌਕੇ 'ਤੇ ਹੀ ਨਾਰਕੋਟਿਕ ਡਰੱਗ ਡਿਟੈਕਸ਼ਨ ਕਿੱਟ ਰਾਹੀਂ ਕੈਮੀਕਲ ਟੈਸਟ ਕੀਤਾ ਗਿਆ, ਜਿਸ ਵਿਚ ਇਸ ਪਦਾਰਥ ਦੇ 'ਹੈਰੋਇਨ' ਹੋਣ ਦੀ ਪੁਸ਼ਟੀ ਹੋਈ। ਬਰਾਮਦ ਕੀਤੀ ਗਈ ਹੈਰੋਇਨ ਦਾ ਕੁੱਲ ਵਜ਼ਨ 03 ਗ੍ਰਾਮ 500 ਮਿਲੀਗ੍ਰਾਮ ਦੱਸਿਆ ਜਾ ਰਿਹਾ ਹੈ। ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਦੋਵਾਂ ਮੁਲਜ਼ਮਾਂ ਦੀ ਪਛਾਣ ਪ੍ਰਿੰਸ ਉਰਫ਼ ਪਾਰਸ ਪੁੱਤਰ ਸਚਿਨ ਕੁਮਾਰ (ਵਾਸੀ ਬੈਟਾਬਾਦ, ਵਾਰਡ ਨੰਬਰ 12, ਗਿੱਦੜਬਾਹਾ) - ਜੋ ਕਾਰ ਦੀ ਡਰਾਈਵਰ ਸੀਟ 'ਤੇ ਬੈਠਾ ਸੀ ਅਤੇ ਰਜਤ ਕੁਮਾਰ ਪੁੱਤਰ ਰਾਜੇਸ਼ ਕੁਮਾਰ (ਵਾਸੀ ਗੋਨੇਆਣਾ ਰੋਡ, ਗਲੀ ਨੰਬਰ 06)-ਜੋ ਕੰਡਕਟਰ ਸੀਟ 'ਤੇ ਸਵਾਰ ਸੀ , ਵਜੋਂ ਹੋਈ ਹੈ। ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਦੋਵਾਂ ਦੋਸ਼ੀਆਂ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਕੇ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਵੱਲੋਂ ਮੁਲਜ਼ਮਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਉਹ ਇਹ ਨਸ਼ਾ ਕਿੱਥੋਂ ਲੈ ਕੇ ਆਏ ਸਨ ਅਤੇ ਅੱਗੇ ਕਿਸ ਨੂੰ ਸਪਲਾਈ ਕੀਤਾ ਜਾਣਾ ਸੀ।

## 40 ਡਿਗਰੀ ਤਾਪਮਾਨ ਨੇ ਲੋਕਾਂ ਦੇ ਕੱਢੇ ਵੱਟ, ਦਿਹਾੜੀਦਾਰ ਮਜ਼ਦੂਰ ਹੋਏ ਬੇਵੱਸ

ਤਰਨਤਾਰਨ 1 ਜੁਲਾਈ। ਬੀਤੇ ਕਈ ਦਿਨਾਂ ਤੋਂ ਲਗਾਤਾਰ ਪੈ ਰਹੀ ਗਰਮੀ ਨੇ ਲੋਕਾਂ ਦਾ ਘਰਾਂ ਤੋਂ ਬਾਹਰ ਨਿਕਲਣਾ ਮੁਸ਼ਕਿਲ ਕਰ ਦਿੱਤਾ ਹੈ। ਜਿਸ ਦੇ ਚੱਲਦਿਆਂ ਛੋਟੇ ਬੱਚੇ ਅਤੇ ਖਾਸ ਕਰਕੇ ਬਜ਼ੁਰਗ ਘਰਾਂ 'ਚ ਨਜ਼ਰਬੰਦ ਹੁੰਦੇ ਨਜ਼ਰ ਆ ਰਹੇ ਹਨ। ਤਾਪਮਾਨ 40 ਡਿਗਰੀ ਤੱਕ ਪੁੱਜਣ ਕਰਕੇ ਲੋਕ ਗਰਮੀ ਤੋਂ ਨਿਜਾਤ ਪਾਉਣ ਲਈ ਜਿੱਥੇ ਏਅਰ ਕੰਡੀਸ਼ਨਰ ਅਤੇ ਕੂਲਰਾਂ ਦੀ ਮਦਦ ਲੈ ਰਹੇ ਹਨ, ਉਥੇ ਹੀ ਤਾਪਮਾਨ ਲਗਾਤਾਰ ਵਧਣ ਕਰਕੇ ਏਅਰ ਕੰਡੀਸ਼ਨਰ ਨਾਲ ਵੀ ਕੋਈ ਫਰਕ ਨਹੀਂ ਪੈ ਰਿਹਾ। ਇਸ ਲਗਾਤਾਰ ਪੈ ਰਹੀ ਗਰਮੀ ਦੇ ਚੱਲਦਿਆਂ ਲੋਕ ਜਿੱਥੇ ਵੱਖ-ਵੱਖ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ, ਉਥੇ ਹੀ ਪਸ਼ੂਆਂ ਅਤੇ ਪੰਛੀਆਂ ਦਾ ਵੀ ਬੁਰਾ ਹਾਲ ਹੋ ਰਿਹਾ ਹੈ। 40 ਡਿਗਰੀ ਤਾਪਮਾਨ ਵਿਚ ਦਿਹਾੜੀਦਾਰ ਮਜ਼ਦੂਰਾਂ ਵੱਲੋਂ ਕੰਮ ਕਰਨਾ ਬਹੁਤ ਮੁਸ਼ਕਿਲ ਹੋ ਚੁੱਕਾ ਹੈ। ਲਗਾਤਾਰ ਪੈ ਰਹੀ ਗਰਮੀ ਦੇ ਚੱਲਦਿਆਂ ਜਿੱਥੇ ਬਾਜ਼ਾਰਾਂ 'ਚ ਗ੍ਰਾਹਕ ਨਾ ਆਉਣ ਕਰਕੇ ਮੰਦੀ ਨਜ਼ਰ ਆ ਰਹੀ ਹੈ, ਉਥੇ ਹੀ ਲੋਕ ਆਪਣੇ ਘਰਾਂ ਵਿਚ ਗਰਮੀ ਤੋਂ ਬਚਣ ਲਈ ਨਜ਼ਰਬੰਦ ਹੋ ਚੁੱਕੇ ਹਨ। ਓਧਰ ਜ਼ਿਆਦਾ ਗਰਮੀ ਦੇ ਚੱਲਦਿਆਂ ਛੋਟੇ ਬੱਚੇ ਅਤੇ ਬਜ਼ੁਰਗ ਵੱਖ-ਵੱਖ ਬੀਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਇਸ ਗਰਮੀ 'ਚ ਸੋਮਵਾਰ ਤਰਨਤਾਰਨ ਦਾ 40 ਡਿਗਰੀ ਤਾਪਮਾਨ ਨੋਟ ਕੀਤਾ ਗਿਆ, ਉਥੇ ਹੀ ਘਰੋਂ ਬਾਹਰ ਨਿਕਲਣ ਦੌਰਾਨ ਤੇਜ਼ ਧੁੱਪ ਅਤੇ ਘੁੱਟਣ ਭਰੇ ਮਾਹੌਲ ਨੇ ਲੋਕਾਂ ਦਾ ਬੁਰਾ ਹਾਲ ਕਰ ਰੱਖਿਆ ਹੈ। ਇਸ ਗਰਮੀ ਦੇ ਚੱਲਦਿਆਂ ਰੁੱਖਾਂ ਅਤੇ ਬੂਟਿਆਂ ਦਾ ਵੀ ਬੁਰਾ ਹਾਲ ਹੋ ਚੁੱਕਾ ਹੈ। ਗਰਮੀ ਤੋਂ ਰਾਹਤ ਪਾਉਣ ਲਈ ਖਾਸ ਕਰਕੇ ਬੱਚੇ ਸਵੀਮਿੰਗ ਪੂਲ ਦਾ ਆਨੰਦ ਮਾਣਦੇ ਵੇਖੇ ਜਾ ਸਕਦੇ ਹਨ।

# ਪੰਜਾਬ 'ਚ ਸਵਾਰੀਆਂ ਨਾਲ ਭਰੀ ਬੱਸ ਬਣੀ ਅੱਗ ਦਾ ਗੋਲਾ, ਹਾਈਵੇ 'ਤੇ ਪਈਆਂ ਚੀਕਾਂ

**ਕੌਮੀ ਪਤ੍ਰਿਕਾ**

ਖੰਨਾ 1 ਜੁਲਾਈ। ਇੱਥੇ ਖੰਨਾ ਨੇੜੇ ਲੁਧਿਆਣਾ-ਅੰਮ੍ਰਿਤਸਰ ਨੈਸ਼ਨਲ ਹਾਈਵੇਅ



'ਤੇ ਐਤਵਾਰ ਨੂੰ ਇਕ ਏ. ਸੀ. ਸਲੀਪਰ ਬੱਸ ਅੱਗ ਦਾ ਗੋਲਾ ਬਣ ਗਈ। ਬੱਸ 'ਚ ਅਚਾਨਕ ਅੱਗ ਲੱਗ ਗਈ ਅਤੇ ਇਸ 'ਚ ਸਵਾਰ 80-100 ਸਵਾਰੀਆਂ 'ਚ ਹੜਕੰਪ ਮਚ ਗਿਆ। ਸਵਾਰੀਆਂ ਨੇ ਕਿਸੇ ਤਰ੍ਹਾਂ ਸ਼ੀਸ਼ੇ ਤੋੜ ਕੇ ਸਥਾਨਕ ਲੋਕਾਂ ਦੀ ਮਦਦ ਨਾਲ ਆਪਣੀ ਜਾਨ ਬਚਾਈ। ਦੇਖਦੇ ਹੀ ਦੇਖਦੇ ਬੱਸ ਸੜ ਕੇ ਪੂਰੀ ਤਰ੍ਹਾਂ ਸੁਆਹ ਹੋ ਗਈ। ਜਾਣਕਾਰੀ ਮੁਤਾਬਕ ਏ. ਸੀ. ਸਲੀਪਰ ਬੱਸ ਲੁਧਿਆਣਾ ਦੇ ਪ੍ਰਤਾਪ ਚੌਕ ਤੋਂ ਉੱਤਰ ਪ੍ਰਦੇਸ਼ ਦੇ ਗੌਂਡਾ ਜ਼ਿਲ੍ਹੇ 'ਚ ਜਾ ਰਹੀ ਸੀ। ਖੰਨਾ ਨੇੜੇ ਬੀਜਾ ਪਿੰਡ ਕੋਲ ਪੁੱਜਦੇ ਹੀ ਬੱਸ 'ਚ ਅਚਾਨਕ ਅੱਗ ਲੱਗ ਗਈ। ਇਸ ਕਾਰਨ ਬੱਸ 'ਚ ਸਵਾਰ ਸਵਾਰੀਆਂ 'ਚ ਚੀਕ-ਚਿਹਾੜਾ ਪੈ ਗਿਆ। ਦੇਖਦੇ ਹੀ ਦੇਖਦੇ ਅੱਗ ਨੇ ਪੂਰੀ ਤਰ੍ਹਾਂ ਬੱਸ ਨੂੰ ਆਪਣੀ ਲਪੇਟ 'ਚ ਲੈ ਲਿਆ। ਸਵਾਰੀਆਂ ਦੇ ਰੌਲਾ ਪਾਉਣ 'ਤੇ ਕਰੀਬ ਇਕ ਕਿਲੋਮੀਟਰ ਬਾਅਦ ਬੱਸ ਨੂੰ ਰੋਕਿਆ ਗਿਆ। ਬੱਸ ਰੁਕਦੇ ਹੀ ਸਵਾਰੀਆਂ ਨੂੰ ਆਪਣੇ ਹਾਲ 'ਤੇ ਛੱਡ ਕੇ ਡਰਾਈਵਰ ਅਤੇ ਕਲੀਨਰ ਮੌਕੇ ਤੋਂ ਫ਼ਰਾਰ ਹੋ ਗਏ। ਸਵਾਰੀਆਂ ਨੇ ਬੜੀ ਮੁਸ਼ਕਲ ਬੱਸ ਦੇ ਸ਼ੀਸ਼ੇ ਤੋੜ ਕੇ ਸਥਾਨਕ ਲੋਕਾਂ ਦੀ ਮਦਦ ਨਾਲ ਆਪਣੀ ਜਾਨ ਬਚਾਈ। ਹਾਦਸੇ 'ਚ ਸਵਾਰੀਆਂ ਦੀ ਜਾਨ ਤਾਂ ਬਚ ਗਈ ਪਰ ਸਾਰੀਆਂ ਸਵਾਰੀਆਂ ਦਾ ਸਮਾਨ ਸੜ ਕੇ ਸੁਆਹ ਹੋ ਗਿਆ। ਖੰਨਾ ਦੀ ਐੱਸ. ਡੀ. ਐੱਮ. ਸਵਾਤੀ ਤਿਵਾਣਾ ਨੇ ਵੀ ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਕਿਹਾ ਕਿ ਬੱਸ 'ਚ ਸਵਾਰ ਸਾਰੇ ਯਾਤਰੀ ਸੁਰੱਖਿਅਤ ਹਨ, ਹਾਲਾਂਕਿ ਇਕ ਸਵਾਰੀ ਨੂੰ ਸੱਟ ਲੱਗੀ ਹੈ। ਫਿਲਹਾਲ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੀ।

## ਸੇਵਾਮੁਕਤ ਫ਼ੌਜੀ ਦੇ ਘਰ ਦੀ ਛੱਤ 'ਤੇ ਡਿੱਗੀ 20 ਕਰੋੜ ਦੀ ਹੈਰੋਇਨ

ਅੰਮ੍ਰਿਤਸਰ 1 ਜੁਲਾਈ। ਬੀ. ਐੱਸ. ਐੱਫ. ਅੰਮ੍ਰਿਤਸਰ ਸੈਕਟਰ ਦੀ ਟੀਮ ਨੇ ਸਰਹੱਦੀ ਪਿੰਡ ਦਾਊਕੇ ਦੇ ਇਲਾਕੇ ਵਿਚ ਇਕ ਘਰ ਦੀ ਛੱਤ ਤੋਂ 4 ਕਿੱਲੋ ਹੈਰੋਇਨ ਜ਼ਬਤ ਕੀਤੀ ਹੈ, ਜਿਸ ਦੀ ਅੰਤਰਰਾਸ਼ਟਰੀ ਮਾਰਕੀਟ ਵਿਚ ਕੀਮਤ 20 ਕਰੋੜ ਰੁਪਏ ਦੱਸੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਬੀ. ਐੱਸ. ਐੱਫ. ਨੂੰ ਇਕ ਸੇਵਾਮੁਕਤ ਫ਼ੌਜੀ ਵੱਲੋਂ ਇਸ ਬਾਰੇ ਸੂਚਨਾ ਦਿੱਤੀ ਗਈ ਸੀ ਕਿ ਉਸ ਦੇ ਘਰ ਦੀ ਛੱਤ 'ਤੇ ਚਿੱਟੇ ਰੰਗ ਦੇ ਪੈਕੇਟ ਪਏ ਹੋਏ ਹਨ। ਦੂਜੇ ਪਾਸੇ ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਛੱਤ 'ਤੇ ਪਏ ਪੈਕੇਟ ਖੁੱਲ੍ਹੇ ਹੋਏ ਸਨ ਅਤੇ ਡਰੋਨ ਰਾਹੀਂ ਸੁੱਟੇ ਹੋਏ ਪ੍ਰਤੀਤ ਨਹੀਂ ਹੋ ਰਹੇ ਸਨ, ਕਿਉਂਕਿ ਡਰੋਨ ਰਾਹੀਂ ਜਦੋਂ ਪੈਕੇਟ ਸੁੱਟਿਆ ਜਾਂਦਾ ਹੈ

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰਨਿਕਾ ਸਿਟੀ ਲੋਨੀ ਗਾਜ਼ੀਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.PSingh
Advocate Manish Sharma
Advocate Pooja Bhaskar Sharma

# ਪੁਰਾਣੀ ਰੰਜਿਸ਼ ਨੂੰ ਲੈ ਕੇ ਨੌਜਵਾਨ ’ਤੇ ਹਮਲਾ, ਫਾਇਰਿੰਗ ਕਰ ਜਾਨੋਂ ਮਾਰਨ ਦੀ ਕੀਤੀ ਕੋਸ਼ਿਸ਼

ਕੌਮੀ ਪਤ੍ਰਿਕਾ

ਅੰਮ੍ਰਿਤਸਰ 1 ਜੁਲਾਈ। ਅੰਮ੍ਰਿਤਸਰ ਦੇ ਮਜੀਠਾ ਰੋਡ ਇਲਾਕੇ ’ਚ ਗੋਲੀ ਚੱਲਣ ਦੀ ਗੰਭੀਰ ਘਟਨਾ ਸਾਹਮਣੇ ਆਈ ਹੈ, ਜਿਸ ’ਚ ਇਕ ਵਿਅਕਤੀ ਜ਼ਖਮੀ ਹੋ ਗਿਆ। ਘਟਨਾ ਨੂੰ ਲੈ ਕੇ ਪੀੜਤ ਅਤੇ ਪੁਲਸ ਦੀ ਜਾਂਚ ’ਚ ਪੁਰਾਣੀ ਰੰਜਿਸ਼ ਅਤੇ ਨਿੱਜੀ ਝਗੜੇ ਨੂੰ ਮੁੱਖ ਕਾਰਨ ਦੱਸਿਆ ਜਾ ਰਿਹਾ ਹੈ। ਪੀੜਤ ਸਤਨਾਮ ਸਿੰਘ ਨੇ ਦੱਸਿਆ ਕਿ ਉਹ ਤਾਜ ਹੋਟਲ ਵਿੱਚ ਕੰਮ ਕਰਦਾ ਹੈ ਅਤੇ ਉਸਦੇ ਨਾਲ ਕੰਮ ਕਰਨ ਵਾਲਾ ਇੱਕ ਵਿਅਕਤੀ, ਜੋ ਵੈਲਫੇਅਰ ਨਾਲ ਸਬੰਧਿਤ ਸੀ, ਉਸ ਨਾਲ ਪਹਿਲਾਂ ਤੋਂ ਹੀ ਤਣਾਅ ਚੱਲ ਰਿਹਾ ਸੀ। ਉਸ ਨੇ ਦਾਅਵਾ ਕੀਤਾ ਕਿ ਕੁਝ ਦਿਨ ਪਹਿਲਾਂ ਉਸ ਨੂੰ ਕੰਮ ਤੋਂ ਵੀ ਕੱਢ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਰੰਜਿਸ਼ ਹੋਰ ਵਧ ਗਈ। ਪੀੜਤ ਦੇ ਬਿਆਨ ਅਨੁਸਾਰ 24 ਤਰੀਖ ਨੂੰ ਉਸਨੂੰ ਫੋਨ ਅਤੇ ਮੈਸੇਜ ਆਏ, ਜਿਸ ਤੋਂ ਬਾਅਦ ਗੱਲਬਾਤ ਹੋਈ ਅਤੇ ਮਾਮਲਾ ਸ਼ੁਰੂ ਵਿੱਚ ਕਲੀਅਰ ਹੋਣ ਦੀ ਗੱਲ ਕੀਤੀ ਗਈ ਸੀ। ਪਰ ਸ਼ਾਮ ਦੇ ਸਮੇਂ ਉਸਨੂੰ ਫਿਰ ਕਾਲ ਆਈ ਅਤੇ ਕਿਹਾ ਗਿਆ ਕਿ 7 ਵਜੇ ਮਿਲ ਕੇ ਬੈਠ ਕੇ ਗੱਲ ਕਰਨੀ ਹੈ। ਜਦੋਂ ਉਹ ਨਿਰਧਾਰਿਤ ਸਥਾਨ ’ਤੇ ਪਹੁੰਚਿਆ ਤਾਂ ਉੱਥੇ ਚਾਰ ਵਿਅਕਤੀ ਦੋ ਮੋਟਰਸਾਈਕਲਾਂ ’ਤੇ ਆਏ ਹੋਏ ਸਨ। ਪੀੜਤ ਨੇ ਦੱਸਿਆ ਕਿ ਹਮਲਾਵਰਾਂ ਕੋਲ ਪਿਸਟਲ ਸਨ ਅਤੇ ਉਨ੍ਹਾਂ ਨੇ ਬਿਨਾਂ ਕੋਈ ਗੱਲਬਾਤ ਕੀਤੇ ਸਿੱਧਾ ਫਾਇਰਿੰਗ ਕਰ ਦਿੱਤੀ। ਉਸਦੇ ਅਨੁਸਾਰ ਉਸਨੂੰ ਬਚਣ ਲਈ ਝੁਕਣਾ ਪਿਆ, ਜਿਸ ਕਾਰਨ ਗੋਲੀ ਉਸਦੇ ਪੱਟ ਵਿੱਚ ਲੱਗੀ ਅਤੇ ਹੋਰ ਹਮਲੇ ਦੌਰਾਨ ਉਸਦੇ ਨੱਕ ’ਤੇ ਵੀ ਸੱਟ ਲੱਗ ਗਈ। ਹਮਲਾਵਰਾਂ ਨੇ ਇਸ ਤੋਂ ਬਾਅਦ ਉਸਨੂੰ ਦਾਤਰ ਅਤੇ ਹੋਰ ਹਥਿਆਰਾਂ ਨਾਲ ਵੀ ਜ਼ਖਮੀ ਕਰਨ ਦੀ ਕੋਸ਼ਿਸ਼ ਕੀਤੀ। ਪੀੜਤ ਨੇ ਇਹ ਵੀ ਦੋਸ਼ ਲਗਾਇਆ ਕਿ ਹਮਲਾਵਰਾਂ ਨੇ ਆਉਂਦੇ ਹੀ ਉਸਦੇ ਜਾਣ-ਪਛਾਣ ਵਾਲੇ ਵਿਅਕਤੀ ਸਤਨਾਮ ਸਿੰਘ ਬਾਰੇ ਪੁੱਛਿਆ ਅਤੇ ਉਸਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ। ਘਟਨਾ ਤੋਂ ਬਾਅਦ ਸਾਰੇ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ। ਦੂਜੇ ਪਾਸੇ ਪੁਲਸ ਅਧਿਕਾਰੀ ਏਸੀਪੀ ਕਮਲਜੀਤ ਸਿੰਘ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨੇੜੇ ਦੇ ਹਸਪਤਾਲ ਤੋਂ ਜਾਣਕਾਰੀ ਮਿਲੀ ਕਿ ਇੱਕ ਨਰਿੰਦਰ ਸਿੰਘ ਨਾਮ ਦਾ ਵਿਅਕਤੀ ਗੋਲੀ ਲੱਗਣ ਕਾਰਨ ਦਾਖਲ ਕੀਤਾ ਗਿਆ ਹੈ। ਮੌਕੇ ’ਤੇ ਪਹੁੰਚ ਕੇ ਐਸਐਚਓ ਮਜੀਠਾ ਰੋਡ ਨੇ ਜਾਂਚ ਸ਼ੁਰੂ ਕੀਤੀ। ਜਾਂਚ ਦੌਰਾਨ ਸੁਖਬੀਰ ਸਿੰਘ ਨਾਮ ਦੇ ਵਿਅਕਤੀ ਨੇ ਬਿਆਨ ਦਿੱਤਾ ਕਿ ਝਗੜਾ ਤਾਜ ਹੋਟਲ ਵਿੱਚ ਹੋਏ ਪੁਰਾਣੇ ਵਿਵਾਦ ਤੋਂ ਸ਼ੁਰੂ ਹੋਇਆ ਸੀ, ਜਿਸ ਦੌਰਾਨ ਫੋਨ ਕਰਕੇ ਬੁਲਾਇਆ ਗਿਆ ਅਤੇ ਫਿਰ ਹਮਲਾ ਕੀਤਾ ਗਿਆ। ਸੁਖਬੀਰ ਸਿੰਘ ਨੇ ਦੱਸਿਆ ਕਿ ਸਤਨਾਮ ਸਿੰਘ ਨੇ ਆਪਣੇ ਸਾਥੀਆਂ ਨੂੰ ਬੁਲਾ ਕੇ ਹਮਲਾ ਕਰਵਾਇਆ, ਜਿਨ੍ਹਾਂ ਨੇ ਪਿਸਟਲ ਅਤੇ ਦਾਤਰਾਂ ਨਾਲ ਹਮਲਾ ਕੀਤਾ। ਇਸ ਦੌਰਾਨ ਨਰਿੰਦਰ ਸਿੰਘ ਦੇ ਪੱਟ ਵਿੱਚ ਗੋਲੀ ਲੱਗੀ ਅਤੇ ਉਹ ਗੰਭੀਰ ਜ਼ਖਮੀ ਹੋ ਗਿਆ। ਪੁਲਸ ਨੇ ਇਸ ਮਾਮਲੇ ਵਿੱਚ ਥਾਣਾ ਮਜੀਠਾ ਰੋਡ ਵਿੱਚ ਧਾਰਾ 109, 118, 135 ਸਮੇਤ ਹੋਰ ਸਬੰਧਤ ਧਾਰਾਵਾਂ ਹੇਠ ਮਾਮਲਾ ਦਰਜ ਕਰ ਲਿਆ ਹੈ। ਐਸਐਚਓ ਵੱਲੋਂ ਦੱਸਿਆ ਗਿਆ ਹੈ ਕਿ ਟੀਮਾਂ ਬਣਾਕੇ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਨੂੰ ਜਲਦ ਗ੍ਰਿਫ਼ਤਾਰ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਫਿਲਹਾਲ ਪੁਲਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਜਾਰੀ ਹੈ ਅਤੇ ਇਲਾਕੇ ’ਚ ਸੁਰੱਖਿਆ ਵਧਾ ਦਿੱਤੀ ਗਈ ਹੈ।

## ਦੁੱਗਰੀ ਪੁਲ? ਤੋਂ ਹੇਠਾਂ ਡਿੱਗਿਆ ਐਕਟਿਵਾ ਸਵਾਰ ! ਹੋਈ ਦਰਦਨਾਕ ਮੌਤ

ਲੁਧਿਆਣਾ 1 ਜੁਲਾਈ। ਸੋਮਵਾਰ ਸਵੇਰ ਦੁੱਗਰੀ ਪੁਲ ’ਤੇ ਐਕਟਿਵਾ ਸਵਾਰ 2 ਦੋਸਤਾਂ ਨੂੰ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ ਜਿਸ ਤੋਂ ਬਾਅਦ ਐਕਟਿਵਾ ਬੇਕਾਬੂ ਹੋ ਕੇ ਪੁਲ ਦੇ ਉੱਪਰੋਂ ਥੱਲੇ ਜਾ ਡਿੱਗੀ। ਹਾਦਸੇ ਵਿਚ ਐਕਟਿਵਾ ਚਲਾ ਰਹੇ ਨੌਜਵਾਨ ਦੇ ਸਿਰ ਵਿਚ ਸੱਟ ਲੱਗਣ ਕਾਰਨ ਮੌਤ ਹੋ ਗਈ, ਜਦੋਂਕਿ ਉਸ ਦਾ ਦੋਸਤ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ। ਮ੍ਰਿਤਕ ਦੀ ਪਛਾਣ ਵਿਪਿਨ ਤੇ ਜ਼ਖਮੀ ਦੀ ਪਛਾਣ ਰਾਜਾ ਵਜੋਂ ਹੋਈ ਹੈ। ਵਿਪਿਨ ਮੂਲ ਰੂਪ ਤੋਂ ਬਿਹਾਰ ਦਾ ਰਹਿਣ ਵਾਲਾ ਸੀ। ਸੋਮਵਾਰ ਨੂੰ ਆਪਣੇ ਦੋਸਤ ਰਾਜਾ ਦੇ ਨਾਲ ਰਿਸ਼ਤੇਦਾਰ ਦੇ ਘਰ ਸਾਮਾਨ ਦੇਣ ਜਾ ਰਿਹਾ ਸੀ। ਇਸੇ ਦੌਰਾਨ ਦੁੱਗਰੀ ਪੁਲ ’ਤੇ ਹਾਦਸਾ ਵਾਪਰ ਗਿਆ। ਲੋਕਾਂ ਦੇ ਮੁਤਾਬਕ ਟੱਕਰ ਇੰਨੀ ਭਿਆਨਕ ਸੀ ਕਿ ਐਕਟਿਵਾ ਸਵਾਰ ਉੱਪਰੋਂ ਇਕਦਮ ਥੱਲੇ ਜਾ ਡਿੱਗੇ। ਪਤਾ ਲਗਦੇ ਹੀ ਮੌਕੇ ’ਤੇ ਪੁੱਜੀ ਪੁਲਸ ਨੇ ਲਾਸ਼ ਕਬਜੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਅਤੇ ਨੁਕਸਾਨੀ ਹੋਈ ਐਕਟਿਵਾ ਕਬਜ਼ੇ ਵਿਚ ਲੈ ਲਈ। ਜ਼ਖਮੀਆਂ ਨੂੰ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਪੁਲਸ ਪੁਲ ਦੇ ਆਸ ਪਾਸ ਲੱਗੇ ਸੀ.ਸੀ.ਟੀ.ਵੀ ਕੈਮਰਿਆਂ ਨੂੰ ਚੈੱਕ ਕਰ ਰਹੀ ਹੈ ਤਾਂ ਕਿ ਵਾਹਨ ਚਾਲਕ ਦਾ ਕੋਈ ਸੁਰਾਗ ਹੱਥ ਲਗ ਸਕੇ।

## ਦੁਬਈ ’ਚ ਪੰਜਾਬੀ ਨੌਜਵਾਨ ਦੀ ਸ਼ੱਕੀ ਹਾਲਾਤ ’ਚ ਮੌਤ ! ਮਾਪਿਆਂ ਦਾ ਸੀ ਇਕਲੌਤਾ ਪੁੱਤ

ਤਰਨਤਾਰਨ/ਖਡੂਰ ਸਾਹਿਬ 1 ਜੁਲਾਈ। ਘਰੋਂ ਰੋਜ਼ੀ-ਰੋਟੀ ਕਮਾਉਣ ਲਈ ਦੁਬਈ ਗਏ ਨੌਜਵਾਨ ਦੀ ਸ਼ੱਕੀ ਹਾਲਾਤ ਵਿਚ ਮੌਤ ਹੋਣ ਦੀ ਖ਼ਬਰ ਮਿਲੀ ਹੈ। ਮ੍ਰਿਤਕ ਦੀ ਪਛਾਣ ਬਿਕਰਮਜੀਤ ਸਿੰਘ (25) ਵਾਸੀ ਪਿੰਡ ਮੰਡਾਲਾ ਤਰਨਤਾਰਨ ਵਜੋਂ ਹੋਈ ਹੈ। ਬਿਕਰਮਜੀਤ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਜਿਵੇਂ ਹੀ ਪਰਿਵਾਰ ਨੂੰ ਮੌਤ ਦੀ ਖ਼ਬਰ ਦਾ ਪਤਾ ਲੱਗਾ ਤਾਂ ਸੋਗ ਦੀ ਲਹਿਰ ਦੌੜ ਪਈ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਹੈ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਬਿਕਰਮਜੀਤ ਸਵਾ ਕੁ ਸਾਲ ਪਹਿਲਾਂ ਰੋਜ਼ੀ-ਰੋਟੀ ਕਮਾਉਣ ਲਈ ਦੁਬਈ ਗਿਆ ਸੀ, ਜਿਸ ਦੀ ਸ਼ੱਕੀ ਹਾਲਾਤ ’ਚ ਮੌਤ ਹੋ ਗਈ ਹੈ। ਪਰਿਵਾਰਕ ਮੈਂਬਰਾਂ ਨੇ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਅਤੇ ਸਮਾਜ ਸੇਵੀਆਂ ਕੋਲੋਂ ਮ੍ਰਿਤਕ ਨੌਜਵਾਨ ਦੀ ਲਾਸ਼ ਘਰ ਵਿੱਚ ਲਿਆਉਣ ਦੀ ਮੰਗ ਕੀਤੀ ਹੈ।

## ਔਰਤ ਮਿੱਤਰ ਤੋਂ ਤੰਗ ਆ ਕੇ ਨੌਜਵਾਨ ਵੱਲੋਂ ਖ਼ੁਦਕੁਸ਼ੀ

ਮੋਗਾ 1 ਜੁਲਾਈ। ਥਾਣਾ ਅਜੀਤਵਾਲ ਅਧੀਨ ਆਉਂਦੇ ਪਿੰਡ ਤਖਾਣਵੱਧ ਵਿਚ ਇਕ (27) ਸਾਲਾ ਨੌਜਵਾਨ ਵੱਲੋਂ ਆਪਣੀ ਔਰਤ ਮਿੱਤਰ ਤੋਂ ਤੰਗ ਆ ਕੇ ਜ਼ਹਿਰੀਲੀ ਦਵਾਈ ਨਿਗਲ ਕੇ ਖ਼ੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਬਲਜਿੰਦਰ ਸਿੰਘ ਵਜੋਂ ਹੋਈ ਹੈ। ਇਸ ਸਬੰਧੀ ਪੁਲਸ ਵੱਲੋਂ ਮ੍ਰਿਤਕ ਦੇ ਪਿਤਾ ਸੁਰਜੀਤ ਸਿੰਘ ਦੇ ਬਿਆਨਾਂ ਦੇ ਆਧਾਰ ’ਤੇ ਉਸ ਦੀ ਔਰਤ ਮਿੱਤਰ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਇਸ ਮਾਮਲੇ ਦੀ ਜਾਂਚ ਥਾਣਾ ਅਜੀਤਵਾਲ ਦੇ ਇੰਚਾਰਜ ਇੰਸਪੈਕਟਰ ਰਾਜ ਸਿੰਘ ਵੱਲੋਂ ਕੀਤੀ ਜਾ ਰਹੀ ਹੈ। ਪੁਲਸ ਸੂਤਰਾਂ ਅਨੁਸਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਉਸ ਦੇ ਪੁੱਤਰ ਦੀ ਇਕ ਮਹਿਲਾ ਨਾਲ ਦੋਸਤੀ ਸੀ। ਦੋਸ਼ ਹੈ ਕਿ ਉਸ ਔਰਤ ਨੇ ਘਰੇਲੂ ਲੋੜਾਂ ਲਈ ਬਲਜਿੰਦਰ ਸਿੰਘ ਤੋਂ 2 ਲੱਖ ਰੁਪਏ ਉਧਾਰ ਲਏ ਹੋਏ ਸਨ ਪਰ ਹੁਣ ਉਹ ਰਕਮ ਵਾਪਸ ਕਰਨ ਤੋਂ ਟਾਲ-ਮਟੋਲ ਕਰ ਰਹੀ ਸੀ। ਉਸਨੇ ਦੱਸਿਆ ਕਿ ਜਦੋਂ ਉਸਦੇ ਪੁੱਤਰ ਨੇ ਕਈ ਵਾਰ ਪੈਸੇ ਵਾਪਸ ਮੰਗੇ ਤਾਂ ਔਰਤ ਨੇ ਉਸਨੂੰ ਧਮਕੀ ਦਿੱਤੀ ਕਿ ਜੇਕਰ ਉਸਨੇ ਪੈਸੇ ਮੰਗੇ ਤਾਂ ਉਹ ਉਸਦੇ ਖ਼ਿਲਾਫ਼ ਜਬਰ-ਜ਼ਨਾਹ ਦਾ ਮਾਮਲਾ ਦਰਜ ਕਰਵਾ ਦੇਵੇਗੀ। ਇਸ ਕਾਰਨ ਬਲਜਿੰਦਰ ਸਿੰਘ ਮਾਨਸਿਕ ਤੌਰ ’ਤੇ ਪੇਸ਼ਾਨ ਰਹਿਣ ਲੱਗ ਪਿਆ। ਅਖੀਰਕਾਰ ਇਸ ਤਣਾਅ ਤੋਂ ਤੰਗ ਆ ਕੇ ਉਸਨੇ ਜ਼ਹਿਰੀਲੀ ਦਵਾਈ ਨਿਗਲ ਲਈ। ਪਰਿਵਾਰਕ ਮੈਂਬਰਾਂ ਵੱਲੋਂ ਉਸਨੂੰ ਤੁਰੰਤ ਮੋਗਾ ਦੇ ਇਕ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਸੱਚਾਈ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਥਿਤ ਦੋਸ਼ੀ ਮਹਿਲਾ ਦੀ ਗ੍ਰਿਫ਼ਤਾਰੀ ਹਾਲੇ ਬਾਕੀ ਹੈ।

### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

### PUBLIC NOTICE
ਭਾਰਤੀ ਕਿਸਾਨ ਯੂਨੀਅਨ (ਏਕਤਾ)-ਆਜ਼ਾਦ ਪਿੰਡ ਮੰਗਵਾਲ ਇਕਾਈ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਰਾਣੂ ਦੀ ਅਗਵਾਈ ਹੇਠ ਬਿਜਲੀ ਗਰਿੱਡ ਮੰਗਵਾਲ ਅੱਗੇ ਧਰਨਾ ਦਿੱਤਾ ਗਿਆ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਕਿਸਾਨ ਖੇਤੀਬਾੜੀ ਲਈ ਲੋੜੀਂਦੀ ਬਿਜਲੀ ਸਪਲਾਈ ਨਾ ਮਿਲਣ ਤੋਂ ਖ਼ਫ਼ਾ ਸਨ। ਯੂਨੀਅਨ ਦੇ ਸੂਬਾ ਆਗੂ ਗੁਰਦੇਵ ਸਿੰਘ ਗੱਜੂਮਾਜਰਾ, ਸੀਨੀਅਰ ਆਗੂ ਗੋਬਿੰਦਰ ਸਿੰਘ ਮੰਗਵਾਲ ਅਤੇ ਰਾਜਪਾਲ ਸਿੰਘ ਮੰਗਵਾਲ ਨੇ ਕਿਹਾ ਕਿ ਝੋਨੇ ਦਾ ਸੀਜ਼ਨ ਜ਼ੋਰਾਂ 'ਤੇ ਹੈ ਪਰ ਸਰਕਾਰ ਦੇ ਦਾਅਵਿਆਂ ਅਨੁਸਾਰ ਅੱਠ ਘੰਟੇ ਵੀ ਸਪਲਾਈ ਨਹੀਂ ਮਿਲ ਰਹੀ। ਵੱਡੇ-ਵੱਡੇ ਕੱਟ ਲਾਏ ਜਾ ਰਹੇ ਹਨ ਜਿਸ ਕਰਕੇ ਝੋਨੇ ਦੀ ਲਵਾਈ ਪ੍ਰਭਾਵਿਤ ਹੋ ਰਹੀ ਹੈ। ਕਰੀਬ ਡੇਢ ਵਜੇ ਬਿਜਲੀ ਗਰਿੱਡ ਦਾ ਘਿਰਾਓ ਕਰ ਲਿਆ ਜਿਸ ਤੋਂ ਬਾਅਦ ਪਾਵਰਕੌਮ ਦੇ ਕਾਰਜਕਾਰੀ ਇੰਜਨੀਅਰ ਨੇ ਪੁੱਜ ਕੇ ਕਿਸਾਨ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਇੱਕ-ਦੋ ਦਿਨਾਂ ਵਿੱਚ ਬਿਜਲੀ ਸਪਲਾਈ ਦੀ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ ਜਿਸ ਮਗਰੋਂ ਧਰਨਾ ਸਮਾਪਤ ਕੀਤਾ ਗਿਆ। ਇਸ ਮੌਕੇ ਕਿਸਾਨ ਆਗੂ ਬਾਰਾ ਸਿੰਘ, ਬਲਦੇਵ ਸਿੰਘ ਰਾਣੂ, ਬਲਜੀਤ ਸਿੰਘ ਗਰੇਵਾਲ, ਲਾਭ ਸਿੰਘ ਮਾਨ, ਕਰਮਜੀਤ ਸਿੰਘ, ਸੁਸ਼ੀਲ ਕੁਮਾਰ, ਨਾਨਕ ਸਿੰਘ ਥਲੇਸਾਂ, ਕਰਮਜੀਤ ਸਿੰਘ ਗੋਂਦਾਰਾ, ਮੁਖਤਿਆਰ ਸਿੰਘ ਖੁਰਾਣਾ, ਭਾਨ ਸਿਘ ਸੋਹੀਆਂ ਕਲਾਂ ਆਦਿ ਹਾਜ਼ਰ ਸਨ।



ਖੇਤੀ ਵਾਲੀਆਂ ਮੋਟਰਾਂ ਲਈ ਕਿਸਾਨਾਂ ਨੂੰ ਬਿਜਲੀ ਸਪਲਾਈ ਨਾ ਮਿਲਣ ਕਾਰਨ ਕਿਸਾਨਾਂ ਵੱਲੋਂ 66 ਕੇ ਵੀ ਗਰਿੱਡ ਘਨੌਰੀ ਕਲਾਂ ਅਤੇ 66 ਕੇ ਵੀ ਗਰਿੱਡ ਗੁਰਬਖ਼ਸ਼ਪੁਰਾ 'ਚ ਧਰਨੇ ਦੇ ਕੇ ਪਾਵਰਕੌਮ ਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਪਿੰਡ ਘਨੌਰੀ ਕਲਾਂ ਵਿੱਚ ਕਿਸਾਨਾਂ ਨੂੰ ਨਿਰਧਾਰਤ ਸਮੇਂ ਤੋਂ ਬਹੁਤ ਘੱਟ ਬਿਜਲੀ ਸਪਲਾਈ ਮਿਲਣ ਵਿਰੁੱਧ ਕਿਸਾਨਾਂ ਨੇ 66 ਕੇ ਵੀ ਗਰਿੱਡ ਘਨੌਰੀ ਕਲਾਂ ਵਿੱਚ ਧਰਨਾ ਦਿੱਤਾ। ਕਿਸਾਨ ਆਗੂ ਅਮਰਜੀਤ ਸਿੰਘ ਨੇ ਦੱਸਿਆ ਕਿ ਬਾਬਾ ਦਿਆਲਦਾਸ ਫੀਡਰ 'ਤੇ ਬਿਜਲੀ ਸਪਲਾਈ ਪੂਰੀ ਨਹੀਂ ਮਿਲ ਰਹੀ। ਇਕੱਤਰ ਕਿਸਾਨਾਂ ਨੇ ਦੱਸਿਆ ਕਿ 27 ਜੂਨ ਨੂੰ ਬਿਜਲੀ ਸਪਲਾਈ ਮਹਿਜ਼ 10.30 ਤੋਂ ਤਕਰੀਬਨ 1 ਵਜੇ ਤੱਕ ਮਿਲੀ ਅਤੇ ਅੱਜ 10.30 ਵਜੇ ਸਪਲਾਈ ਸ਼ੁਰੂ ਹੋਈ ਹੈ। ਇਸ ਮੌਕੇ ਪਾਵਰਕੌਮ ਅਧਿਕਾਰੀਆਂ ਵੱਲੋਂ ਮਸਲੇ ਦੇ ਹੱਲ ਦਾ ਭਰੋਸਾ ਦੇ ਕੇ ਕਿਸਾਨਾਂ ਦਾ ਧਰਨਾ ਸਮਾਪਤ ਕਰਵਾਇਆ। ਇਸੇ ਤਰ੍ਹਾਂ 66 ਕੇ ਵੀ ਗਰਿੱਡ ਪਿੰਡ ਗੁਰਬਖ਼ਸ਼ਪੁਰਾ ਵਿੱਚ ਪਿੰਡ ਫਤਿਹਗੜ੍ਹ ਪੰਜਗਰਾਈਆਂ, ਵਜ਼ੀਦਪੁਰ ਬਧੇਸ਼ਾ, ਅਤੇ ਗੰਡੇਵਾਲ ਦੇ ਕਿਸਾਨਾਂ ਨੇ ਪੂਰੀ ਬਿਜਲੀ ਸਪਲਾਈ ਨਾ ਮਿਲਣ ਕਾਰਨ ਅੱਜ ਦੂਜੇ ਦਿਨ ਵੀ ਧਰਨਾ ਦਿੱਤਾ। ਅਕਾਲੀ ਆਗੂ ਜਗਦੇਵ ਸਿੰਘ ਬਧੇਸਾ ਨੇ ਦੱਸਿਆ ਕਿ ਅੱਜ ਕਿਸਾਨਾਂ ਨੇ ਗਰਿੱਡ 'ਚ ਪੱਕੇ ਡੇਰੇ ਲਾ ਕੇ ਆਪਣੀ ਨਿਰਧਾਰਤ 8 ਘੰਟੇ ਬਿਜਲੀ ਸਪਲਾਈ ਪੂਰੀ ਕਰਵਾ ਕੇ ਧਰਨਾ ਚੁੱਕਿਆ। ਇਸ ਮੌਕੇ ਧਰਮਿੰਦਰ ਸਿੰਘ, ਤੀਰਥ ਸਿੰਘ, ਕੁਲਦੀਪ ਸਿੰਘ ਸਮਿਤੀ ਮੈਂਬਰ, ਚੰਦ ਸਿੰਘ, ਕੁਲਦੀਪ ਸਿੰਘ ਦਿਓਲ, ਮੇਵਾ ਸਿੰਘ ਪੰਚ ਆਦਿ ਵੀ ਹਾਜ਼ਰ ਸਨ। ਕੇ ਯੂ (ਰਾਜੇਵਾਲ) ਦੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਜੀਤ ਸਿੰਘ ਭੜੀ ਨੇ 66 ਕੇ ਵੀ ਗਰਿੱਡ ਸਮੁੰਦਗੜ੍ਹ ਛੰਨਾ ਤੋਂ ਪਿਛਲੇ ਦਿਨਾਂ ਤੋਂ ਚੀਮਾ, ਜੱਖਲਾਂ-2, ਛੀਟਾਂਵਾਲਾ-4, ਮੀਮਸਾ- 1 ਫੀਡਰਾਂ 'ਤੇ ਸਾਢੇ ਪੰਜ ਘੰਟੇ ਸਪਲਾਈ ਮਿਲੀ ਹੈ। ਸਮੁੰਦਗੜ੍ਹ ਛੰਨਾ- 1, ਸਮੁੰਦਗੜ੍ਹ ਛੰਨਾ- 2, ਚੀਮਾ- 1, ਛੀਟਾਂਵਾਲਾ- 3 ਫੀਡਰਾਂ 'ਤੇ ਸਵਾ ਤਿੰਨ ਘੰਟੇ ਬਿਜਲੀ ਸਪਲਾਈ ਮਿਲੀ ਹੈ। ਐਕਸੀਅਨ ਇੰਦਰਜੀਤ ਸਿੰਘ ਨੇ ਦੱਸਿਆ ਕਿ ਥਰਮਲ ਵਿੱਚ ਸਮੱਸਿਆ ਆ ਜਾਣ ਕਾਰਨ ਬਿਜਲੀ ਸੰਕਟ ਪੈਦਾ ਹੋਇਆ ਅਤੇ ਬਹੁਤ ਛੇਤੀ ਬਿਜਲੀ ਸਪਲਾਈ 'ਚ ਸੁਧਾਰ ਹੋਵੇਗਾ।

ਲੌਂਗੋਵਾਲ (ਰਘਵੀਰ ਸਿੰਘ ਚੰਗਾਲ): ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਕਿਸਾਨਾਂ ਨੇ ਬਿਜਲੀ ਗਰਿੱਡ ਅੱਗੇ ਧਰਨਾ ਦੇ ਕੇ ਰੋਸ ਪ੍ਰਗਟਾਇਆ। ਇਸ ਮੌਕੇ ਬਿਜਲੀ ਵਿਭਾਗ ਵੱਲੋਂ ਜੇ ਈ ਗੁਰਮੀਤ ਸਿੰਘ ਨੇ ਆ ਕੇ ਵਿਸ਼ਵਾਸ ਦਿਵਾਇਆ ਕਿ ਦੋ ਦਿਨਾਂ ਵਿੱਚ ਸਪਲਾਈ ਸਹੀ ਕਰ ਦਿੱਤੀ ਜਾਵੇਗੀ ਅਤੇ ਪਿੱਛੇ ਜੋ ਬਿਜਲੀ ਘੱਟ ਆਈ ਹੈ, ਉਹ ਬਕਾਇਆ ਵੀ ਨਾਲ ਹੀ ਦਿੱਤਾ ਜਾਵੇਗਾ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਦਰਸ਼ਨ ਸਿੰਘ ਕੁੰਨਰਾਂ ਅਤੇ ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ, ਜ਼ਿਲ੍ਹਾ ਆਗੂ ਅਵਤਾਰ ਸਿੰਘ ਸ਼ਾਹੋਕੇ, ਗੁਰਮੇਲ ਸਿੰਘ ਉੱਭਾਵਾਲ, ਇਕਾਈ ਲੌਂਗੋਵਾਲ ਦੇ ਪ੍ਰਧਾਨ ਹਰਦੇਵ ਸਿੰਘ ਦੁੱਲਟ ,ਭੋਲਾ ਸਿੰਘ ਪਨਾਚ, ਚਰਨਾ ਸਿੰਘ ਸਤੀਪੁਰਾ ਅਤੇ ਜੋਗਾ ਸਿੰਘ ਢੱਡਰੀਆਂ ਨੇ ਸੰਬੋਧਨ ਕੀਤਾ।

ਕਿਸਾਨਾਂ ਨੇ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਦੀ ਅਗਵਾਈ ਹੇਠ ਨਾਗਰਾ ਬਿਜਲੀ ਗਰਿੱਡ ਅੱਗੇ ਧਰਨਾ ਦਿੱਤਾ। ਬਲਾਕ ਦਿੜ੍ਹਬਾ ਦੇ ਪਿੰਡ ਮਹਿਲਾਂ ਦੇ ਪ੍ਰਧਾਨ ਜਗਜੀਤ ਸਿੰਘ ਸੇਖੋਂ ਦੀ ਅਗਵਾਈ ਹੇਠ ਕਿਸਾਨ ਪਹਿਲਾਂ ਪੀ ਐੱਸ ਪੀ ਸੀ ਐੱਲ ਦੇ ਉਪ ਮੰਡਲ ਦਫ਼ਤਰ ਮਹਿਲਾਂ 'ਚ ਇਕੱਠੇ ਹੋਏ ਅਤੇ ਸਰਕਾਰ ਤੇ ਬਿਜਲੀ ਵਿਭਾਗ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਤੋਂ ਬਾਅਦ ਮਹਿਲਾਂ ਤੋਂ ਨਾਗਰਾ ਗਰਿੱਡ ਤੱਕ ਰੋਸ ਮਾਰਚ ਕਰ ਕੇ ਧਰਨਾ ਲਾਇਆ ਗਿਆ।ਇਸ ਮੌਕੇ ਬਲਾਕ ਪ੍ਰਧਾਨ ਹਰਜੀਤ ਸਿੰਘ ਮਹਿਲਾਂ ਅਤੇ ਜ਼ਿਲ੍ਹਾ ਖਜ਼ਾਨਚੀ ਅਮਨਦੀਪ ਸਿੰਘ ਮਹਿਲਾਂ ਨੇ ਕਿਹਾ ਕਿ ਪਿਛਲੇ ਦੋ-ਦਿਨਾਂ ਤੋਂ ਸਿਰਫ਼ ਦੋ-ਤਿੰਨ ਘੰਟੇ ਹੀ ਸਪਲਾਈ ਮਿਲ ਰਹੀ ਹੈ, ਜਿਸ ਕਾਰਨ ਝੋਨੇ ਦੀ ਫ਼ਸਲ ਸੁੱਕਣ ਦੇ ਕੰਢੇ ਪਹੁੰਚ ਗਈ ਹੈ। ਧਰਨੇ ਦੌਰਾਨ ਬਿਜਲੀ ਬੋਰਡ ਮਹਿਲਾਂ ਦੇ ਉਪ ਮੰਡਲ ਇੰਜਨੀਅਰ ਨੇ ਕਿਸਾਨਾਂ ਨੂੰ ਅੱਠ ਘੰਟੇ ਨਿਰੰਤਰ ਬਿਜਲੀ ਸਪਲਾਈ ਦੇਣ ਦਾ ਭਰੋਸਾ ਦਿੱਤਾ, ਜਿਸ ਉਪਰੰਤ ਧਰਨਾ ਸਮਾਪਤ ਕਰ ਦਿੱਤਾ ਗਿਆ। ਹਰਜੀਤ ਸਿੰਘ ਮਹਿਲਾਂ ਨੇ ਚਿਤਾਵਨੀ ਦਿੱਤੀ ਕਿ ਜੇ ਇਹ ਭਰੋਸਾ ਪੂਰਾ ਨਾ ਹੋਇਆ ਤਾਂ ਬਲਾਕ ਦਿੜ੍ਹਬਾ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।

ਧਰਨੇ ਵਿੱਚ ਹਰਜਿੰਦਰ ਸਿੰਘ ਘਰਾਚੋਂ, ਜਗਦੀਪ ਸਿੰਘ ਮਹਿਲਾਂ, ਦਰਸ਼ਨ ਸਿੰਘ ਮਾਨ, ਗੁਰਸੇਵਕ ਸਿੰਘ ਸੋਹੀ, ਬੁੱਧ ਸਿੰਘ ਦੁੱਲਟ, ਜੱਗਾ ਸਿੰਘ ਮਾਨ, ਕੁਲਦੀਪ ਸਿੰਘ ਮਾਨ, ਬਿੰਦਰ ਸਿੰਘ ਦੁੱਲਟ ਅਤੇ ਰਾਮ ਸਿੰਘ ਸੋਹੀ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

ਖੇਤੀਬਾੜੀ ਵਾਲੀਆਂ ਮੋਟਰਾਂ ਲਈ ਰੋਜ਼ਾਨਾ ਅੱਠ ਘੰਟੇ ਬਿਜਲੀ ਸਪਲਾਈ ਦੇਣ ਦੀ ਮੰਗ ਲਈ ਕਿਸਾਨ ਜਥੇਬੰਦੀਆਂ ਨੇ ਵੱਖ-ਵੱਖ ਥਾਈਂ ਬਿਜਲੀ ਗਰਿੱਡਾਂ ਅੱਗੇ ਰੋਸ ਧਰਨੇ ਦਿੱਤੇ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਸੂਬਾਈ ਜਨਰਲ ਸਕੱਤਰ ਜਗਮੋਹਨ ਸਿੰਘ ਉੱਪਲ ਨੇ ਦੱਸਿਆ ਕਿ ਕਈ ਖੇਤਰਾਂ ਦੇ ਵਿੱਚ ਤਾਂ ਤਿੰਨ ਚਾਰ ਘੰਟੇ ਹੀ ਬਿਜਲੀ ਛੱਡੀ ਜਾ ਰਹੀ ਹੈ।

# ਪਿੰਡ ਸ਼ਾਮਦੋ ਦੀ ਮੁੱਖ ਸੜਕ ਦਾ ਨਵੀਨੀਕਰਨ ਸ਼ੁਰੂ



**ਰਾਜਪੁਰਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਰਾਜਪੁਰਾ-ਚੰਡੀਗੜ੍ਹ ਰੋਡ ਨਾਲ ਜੁੜਦੇ ਹਲਕਾ ਰਾਜਪੁਰਾ ਦੇ ਪਹਿਲੇ ਪਿੰਡ ਸ਼ਾਮਦੋ ਦੀ ਮੇਨ ਸੜਕ ਦੇ ਨਵੀਨੀਕਰਨ ਦਾ ਕੰਮ ਸ਼ੁਰੂ ਹੋਣ ਨਾਲ ਪਿੰਡ ਵਾਸੀਆਂ ਅਤੇ ਰਾਹਗੀਰਾਂ ਵਿੱਚ ਖ਼ੁਸ਼ੀ ਦੀ ਲਹਿਰ ਹੈ। ਕਰੀਬ ਪੰਜ ਸਾਲਾਂ ਤੋਂ ਖਸਤਾ ਹਾਲ ਪਈ ਇਸ ਸੜਕ ਕਾਰਨ ਵੱਡੇ-ਵੱਡੇ ਟੋਏ ਬਣ ਗਏ ਸਨ, ਜਿਸ ਨਾਲ ਰੋਜ਼ਾਨਾ ਹਾਦਸੇ ਵਾਪਰਦੇ ਰਹਿੰਦੇ ਸਨ। ਬਰਸਾਤ ਦੇ ਦਿਨਾਂ ਵਿੱਚ ਸੜਕ 'ਤੇ ਪਾਣੀ ਖੜ੍ਹ ਜਾਣ ਕਾਰਨ ਇਸ ਦੀ ਹਾਲਤ ਹੋਰ ਵੀ ਮਾੜੀ ਹੋ ਜਾਂਦੀ ਸੀ ਅਤੇ ਸਕੂਲੀ ਬੱਚਿਆਂ ਸਮੇਤ ਰਾਹਗੀਰਾਂ ਨੂੰ ਗੰਦੇ ਪਾਣੀ ਵਿੱਚੋਂ ਲੰਘਣਾ ਪੈਂਦਾ ਸੀ।

ਇਸ ਸੜਕ ਦੇ ਨਿਰਮਾਣ ਲਈ ਵੱਖ-ਵੱਖ ਸਿਆਸੀ ਧਿਰਾਂ ਅਤੇ ਪਿੰਡ ਵਾਸੀਆਂ ਵੱਲੋਂ ਕਈ ਵਾਰ ਰੋਸ ਪ੍ਰਦਰਸ਼ਨ ਅਤੇ ਧਰਨੇ ਦਿੱਤੇ ਗਏ। ਹਾਲ ਹੀ ਵਿੱਚ ਪਿੰਡ ਸ਼ਾਮਦੋ ਅਤੇ ਸ਼ਾਮਦੋ ਕੈਂਪ ਦੇ ਲੋਕਾਂ ਨੇ ਫੀਡ ਫੈਕਟਰੀ ਦੇ ਭਾਰੀ ਵਾਹਨਾਂ ਕਾਰਨ ਸੜਕ ਨੂੰ ਹੋ ਰਹੇ ਨੁਕਸਾਨ ਖ਼ਿਲਾਫ਼ ਵੀ ਆਵਾਜ਼ ਬੁਲੰਦ ਕੀਤੀ ਸੀ। ਪਿੰਡ ਵਾਸੀਆਂ ਨੇ ਮੰਗ ਕੀਤੀ ਹੈ ਕਿ ਟੀ ਡੀ ਅਰੋੜਾ ਮਿੱਲ ਫੀਡ ਫੈਕਟਰੀ ਵਿੱਚ ਆਉਣ ਵਾਲੇ ਭਾਰੀ ਵਾਹਨਾਂ ਨੂੰ ਪਿੰਡ ਦੀ ਸੜਕ ਦੀ ਬਜਾਇ ਫੋਕਲ ਪੁਆਇੰਟ ਇੰਡਸਟਰੀਅਲ ਏਰੀਏ ਰਾਹੀਂ ਲਿਆਂਦਾ ਜਾਵੇ।

ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ 18 ਫੁੱਟ ਚੌੜੀ ਸੜਕ ਦਾ ਨਿਰਮਾਣ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਇਸ ਨੂੰ ਜਲਦ ਮੁਕੰਮਲ ਕਰ ਦਿੱਤਾ ਜਾਵੇਗਾ।

# ਮਾਂ-ਬੋਲੀ ਲਈ ਆਰ-ਪਾਰ ਦੀ ਲੜਾਈ: ਆਈਏਐੱਸ ਅ਼ਫ਼ਸਰਾਂ ਖ਼ਿਲਾ਼ਫ਼ ਕੁੱਦੇ ਜਸਵੰਤ ਜ਼਼ਫ਼ਰ




**ਪਟਿਆਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਜ਼਼ਫ਼ਰ ਨੇ ਆਖ਼ਰ ਭਾਸ਼ਾ ਵਿਭਾਗ ਨੂੰ ਟਿੱਚ ਜਾਣਨ ਵਾਲੇ ਆਈ ਏ ਐੱਸ ਅ਼ਫ਼ਸਰਾਂ ਖ਼ਿਲਾ਼ਫ਼ ਬਿਗਲ ਵਜਾ ਦਿੱਤਾ ਹੈ। ਜਦੋਂ ਜਸਵੰਤ ਜ਼਼ਫ਼ਰ ਨੇ ਪੰਜਾਬੀ ਨੂੰ ਦਰਕਿਨਾਰ ਕਰਕੇ ਅੰਗਰੇਜ਼ੀ ਭਾਸ਼ਾ 'ਚ ਕੰਮ ਕਰਨ ਵਾਲੇ ਆਈਏਐੱਸ ਅ਼ਫ਼ਸਰਾਂ ਨੂੰ ਉੱਪਰੋਥਲੀ ਚਿਤਾਵਨੀ ਪੱਤਰ ਜਾਰੀ ਕੀਤੇ ਤਾਂ ਆਈਏਐੱਸ ਅ਼ਫ਼ਸਰਾਂ ਦੀ ਇੱਕ ਲਾਬੀ ਔਖ ਮਹਿਸੂਸ ਕਰਨ ਲੱਗੀ। ਭਾਸ਼ਾ ਵਿਭਾਗ ਦੇ ਕੰਮਾਂ 'ਚ ਆਈ ਏ ਐੱਸ ਅ਼ਫ਼ਸਰਾਂ ਨੇ ਅੜਿੱਕੇ ਪਾਉਣੇ ਸ਼ੁਰੂ ਕਰ ਦਿੱਤੇ।

ਵੇਰਵਿਆਂ ਅਨੁਸਾਰ 2026-27 ਦਾ ਪੰਜਾਬ ਬਜਟ ਪੇਸ਼ ਹੋਣ ਤੋਂ ਪਹਿਲਾਂ ਡਾਇਰੈਕਟਰ ਨੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਭਾਸ਼ਾ ਵਿਭਾਗ ਦੇ ਬਜਟ 'ਚ ਕੋਈ ਕਟੌਤੀ ਨਾ ਕਰਨ ਵਾਰੇ ਇੱਕ ਪੱਤਰ ਲਿਖਿਆ ਜਿਸ ਤੋਂ ਇੱਕ ਆਈ ਏ ਐੱਸ ਅਧਿਕਾਰੀ ਭੜਕ ਉੱਠਿਆ। ਉਸ ਵਕਤ ਹੀ ਭਾਸ਼ਾ ਵਿਭਾਗ ਦੇ ਕੰਮ ਕਾਰ 'ਚ ਅੜਿੱਕੇ ਪਾਉਣ ਦਾ ਮੁੱਢ ਬੱਝ ਗਿਆ ਸੀ। ਅਹਿਮ ਸੂਤਰਾਂ ਅਨੁਸਾਰ ਇੱਕ ਆਈਏਐੱਸ ਅਧਿਕਾਰੀ ਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਵਿਚਾਲੇ ਆਪਸੀ ਕਹੀ ਸੁਣੀ ਵੀ ਹੋਈ ਹੈ। ਡਾਇਰੈਕਟਰ ਜ਼਼ਫ਼ਰ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕਰਕੇ ਸਾਰਾ ਮਾਮਲਾ ਉਨ੍ਹਾਂ ਦੇ ਸਨਮੁਖ ਵੀ ਰੱਖਿਆ ਸੀ।

**ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਤਾੜਿਆ**

ਮੁੱਖ ਮੰਤਰੀ ਭਗਵੰਤ ਮਾਨ ਨੇ ਮੁੱਖ ਸਕੱਤਰ ਦੇ ਜ਼ਰੀਏ ਸਬੰਧਿਤ ਆਈਏਐੱਸ ਅਧਿਕਾਰੀ ਨੂੰ ਤਾੜਿਆ ਵੀ ਸੀ। ਸੂਤਰ ਦੱਸਦੇ ਹਨ ਕਿ ਡਾਇਰੈਕਟਰ ਵੱਲੋਂ ਭਾਸ਼ਾ ਵਿਭਾਗ ਦੇ ਜਦੋਂ ਵੀ ਮਸਲੇ ਰੱਖੇ ਗਏ ਤਾਂ ਆਈਏਐੱਸ ਅ਼ਫ਼ਸਰਾਂ ਦੇ ਇੱਕ ਗਰੁੱਪ ਨੇ ਕੋਈ ਪੇਸ਼ ਨਾ ਜਾਣ ਦਿੱਤੀ। ਆਖ਼ਰ ਅੱਕ ਕੇ ਹੁਣ ਡਾਇਰੈਕਟਰ ਜ਼਼ਫ਼ਰ ਨੇ ਸੋਸ਼ਲ ਮੀਡੀਆ 'ਤੇ 'ਕਹਿੰਦੇ..ਭਾਸ਼ਾ ਵਿਭਾਗ ਪੰਜਾਬ ਦਾ ਭੋਗ ਪਾਉਣਾ' ਸਿਰਲੇਖ ਹੇਠ ਭਾਸ਼ਾ ਵਿਭਾਗ ਦੀ ਮੌਜੂਦਾ ਸਥਿਤੀ ਦਾ ਵਿਖਿਆਨ ਕਰ ਦਿੱਤਾ। ਉਨ੍ਹਾਂ ਲਿਖਿਆ ਕਿ ਨੌਕਰਸ਼ਾਹੀ ਦਾ ਇੱਕ ਧੜਾ ਭਾਸ਼ਾ ਵਿਭਾਗ ਦਾ ਭੋਗ ਪਾਉਣ ਲਈ ਤਰਲੋਮੱਛੀ ਹੋ ਰਿਹਾ ਹੈ।

**ਵਿਭਾਗੀ ਤਰੱਕੀਆਂ ਤੋਂ ਕੀਤਾ ਗਿਆ ਇਨਕਾਰ: ਜ਼਼ਫ਼ਰ**

ਉਨ੍ਹਾਂ ਲਿਖਿਆ ਹੈ ਕਿ ਮੁੱਖ ਮੰਤਰੀ ਦੇ ਹੁਕਮਾਂ ਦੇ ਬਾਵਜੂਦ ਵਿਭਾਗ ਦੀਆਂ ਛਪਾਈ ਦੀ ਉਡੀਕ 'ਚ ਪਈਆਂ 70 ਕਿਤਾਬਾਂ ਦੇ ਪ੍ਰਕਾਸ਼ਨ ਲਈ ਕੋਈ ਬਜਟ ਨਹੀਂ ਦਿੱਤਾ ਗਿਆ। ਪੰਜ ਛੇ ਸਮਾਗਮਾਂ ਦੀ ਅਦਾਇਗੀ 'ਤੇ ਰੋਕ ਲਗਾ ਦਿੱਤੀ ਗਈ ਅਤੇ ਸੇਵਾਦਾਰ/ਸਫ਼ਾਈ ਕਰਮਚਾਰੀ ਵਜੋਂ ਕੰਮ ਕਰਦੇ 70 ਕੱਚੇ ਮੁਲਾਜ਼ਮਾਂ ਨੂੰ ਇੱਕ ਅਪਰੈਲ ਤੋਂ ਬਾਅਦ ਕੰਮ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ ਗਈ। ਇਸੇ ਤਰ੍ਹਾਂ ਵਿਭਾਗੀ ਤਰੱਕੀਆਂ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਜ਼਼ਫ਼ਰ ਨੇ ਲਿਖਿਆ ਹੈ ਕਿ ਨੌਕਰਸ਼ਾਹੀ ਵਿਭਾਗ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਦਾ ਮਨੋਬਲ ਡੇਗਣਾ ਚਾਹੁੰਦੀ ਹੈ।

ਜਸਵੰਤ ਜ਼਼ਫ਼ਰ ਨੇ ਕਿਹਾ ਕਿ ਹੁਣ ਨੌਕਰਸ਼ਾਹੀ ਇਸ ਕਰਕੇ ਖਿਝ ਗਈ ਹੈ ਕਿ ਭਾਸ਼ਾ ਵਿਭਾਗ ਨੇ ਪ੍ਰਕਾਸ਼ਨਾਂ ਲਈ ਰਾਸ਼ੀ ਨਾ ਮਿਲਣ ਦੇ ਬਾਵਜੂਦ ਵਿਭਾਗੀ ਰਸਾਲੇ ਆਪਣੇ ਤੌਰ 'ਤੇ ਛਪਾ ਲਏ ਹਨ। ਚੇਤੇ ਰਹੇ ਕਿ ਕਈ ਦਹਾਕਿਆਂ ਮਗਰੋਂ ਭਾਸ਼ਾ ਵਿਭਾਗ ਦੀ ਵਾਗਡੋਰ ਕਿਸੇ ਲੇਖਕ ਦੇ ਹਿੱਸੇ ਆਈ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਕਿਸੇ ਸਾਹਿਤਕਾਰ ਨੂੰ ਹੀ ਡਾਇਰੈਕਟਰੀ ਦੀ ਕੁਰਸੀ 'ਤੇ ਬਿਠਾਉਣਾ ਚਾਹੁੰਦੇ ਸਨ। ਪਿਛਾਂਹ ਦੇਖੀਏ ਤਾਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਜ਼਼ਫ਼ਰ ਵੱਲੋਂ 11 ਮਾਰਚ 2025 ਨੂੰ ਮੁੱਖ ਸਕੱਤਰ ਨੂੰ ਪੱਤਰ ਜਾਰੀ ਕਰਕੇ ਦਫ਼ਤਰੀ ਕੰਮ ਪੰਜਾਬੀ 'ਚ ਕਰਨ ਦੀ ਨਸੀਹਤ ਦਿੱਤੀ ਸੀ।

**ਕੀ ਪੰਜਾਬ ਸਰਕਾਰ ਫੜੇਗੀ ਪੰਜਾਬੀ ਭਾਸ਼ਾ ਦੀ ਬਾਂਹ ?**

ਭਾਸ਼ਾ ਵਿਭਾਗ ਨੇ ਮੁੱਖ ਸਕੱਤਰ ਨੂੰ ਮੁੜ 24 ਮਾਰਚ 2025 ਅਤੇ ਫਿਰ 8 ਜਨਵਰੀ 2026 ਨੂੰ ਪੱਤਰ ਜਾਰੀ ਕੀਤਾ। ਪਹਿਲੀ ਵਾਰ ਪੰਜਾਬ ਸਰਕਾਰ ਨੇ ਬਦਲੀਆਂ ਦੇ ਹੁਕਮ 4 ਅਪਰੈਲ 2025 ਨੂੰ ਪੰਜਾਬੀ ਭਾਸ਼ਾ 'ਚ ਜਾਰੀ ਕੀਤੇ ਸਨ। ਭਾਸ਼ਾ ਵਿਭਾਗ ਦੇ ਡਾਇਰੈਕਟਰ ਨੇ 4 ਮਾਰਚ 2025 ਨੂੰ ਪ੍ਰਮੁੱਖ ਸਕੱਤਰ, ਪਰਸੋਨਲ ਵਿਭਾਗ, 15 ਜੁਲਾਈ 2025 ਨੂੰ ਉਚੇਰੀ ਸਿੱਖਿਆ ਵਿਭਾਗ ਅਤੇ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਵੀ ਸਰਕਾਰੀ ਕੰਮ ਕਾਜ ਪੰਜਾਬੀ 'ਚ ਕਰਨ ਲਈ ਪੱਤਰ ਲਿਖਿਆ ਸੀ। ਕਿੰਨੇ ਹੀ ਵਿਭਾਗਾਂ ਦੇ ਆਈਏਐੱਸ ਅ਼ਫ਼ਸਰਾਂ ਨੂੰ ਅਜਿਹੇ ਪੱਤਰ ਜਾਰੀ ਹੋਏ। ਇਨ੍ਹਾਂ ਪੱਤਰਾਂ ਤੋਂ ਖ਼ਫ਼ਾ ਆਈ ਏ ਐੱਸ ਅ਼ਫ਼ਸਰਾਂ ਦਾ ਇੱਕ ਧੜਾ ਭਾਸ਼ਾ ਵਿਭਾਗ ਵੱਲ ਟੇਢੀ ਨਿਗ੍ਹਾ ਨਾਲ ਦੇਖ ਰਿਹਾ ਹੈ। ਹੁਣ ਦੇਖਣਾ ਇਹ ਹੈ ਕਿ ਪੰਜਾਬ ਸਰਕਾਰ ਪੰਜਾਬੀ ਭਾਸ਼ਾ ਦੀ ਬਾਂਹ ਫੜਦੀ ਹੈ ਜਾਂ ਨਹੀਂ।

# ਪ੍ਰਸ਼ਾਸਕ ਨੇ ਜੀਐੱਮਸੀਐੱਚ-32, ਚੰਡੀਗੜ੍ਹ ਵਿਖੇ ਬਾਲ਼ਗ ਅਤੇ ਬਜ਼ੁਰਗ ਵੈਕਸੀਨੇਸ਼ਨ ਕਲੀਨਿਕ ਦਾ ਉਦਘਾਟਨ ਕੀਤਾ




**ਚੰਡੀਗੜ੍ਹ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ (ਜੀਐੱਮਸੀਐੱਚ-32), ਚੰਡੀਗੜ੍ਹ ਵਿਖੇ ਬਾਲ਼ਗ ਅਤੇ ਬਜ਼ੁਰਗ ਵੈਕਸੀਨੇਸ਼ਨ ਕਲੀਨਿਕ ਦਾ ਉਦਘਾਟਨ ਕੀਤਾ।

ਕਮਿਊਨਿਟੀ ਮੈਡੀਸਿਨ ਵਿਭਾਗ, ਜੀਐੱਮਸੀਐੱਚ-32 ਦੁਆਰਾ ਰੋਟਰੀ ਕਲੱਬ ਸੈਂਟਰਲ, ਚੰਡੀਗੜ੍ਹ ਦੇ ਸਹਿਯੋਗ ਨਾਲ ਸਥਾਪਿਤ ਇਸ ਕਲੀਨਿਕ ਦਿ ਉਦੇਸ਼ ਤੰਦਰੁਸਤ ਬਿਰਧ-ਅਵਸਥਾ ਨੂੰ ਹੁਲਾਰਾ ਦੇਣਾ ਅਤੇ ਬਾਲ਼ਗਾਂ ਅਤੇ ਬਜ਼ੁਰਗ ਨਾਗਰਿਕਾਂ ਨੂੰ ਟੀਕਾਕਰਣ ਦੁਆਰਾ ਰੋਕੀਆਂ ਜਾ ਸਕਣ ਵਾਲੀਆਂ ਬਿਮਾਰੀਆਂ ਤੋਂ ਸੁਰੱਖਿਆ ਪ੍ਰਦਾਨ ਕਰਨਾ ਹੈ।

ਇਹ ਕਲੀਨਿਕ ਇਨਫਲੂਐਂਜ਼ਾ, ਨਿਊਮੋਕੋਕਲ ਰੋਗ, ਹੈਪੇਟਾਇਟਿਸ ਏ ਅਤੇ ਬੀ, ਟਾਇਫਾਇਡ, ਟੈਟਨਸ, ਸ਼ਿੰਗਲਸ (ਹਰਪੀਜ਼ ਜ਼ੋਸਟਰ) ਅਤੇ ਹਿਊਮਨ ਪੈਪੀਲੋਮਾਵਾਇਰਸ (ਐੱਚਪੀਵੀ) ਦੇ ਵਿਰੁੱਧ ਟੀਕਾਕਰਣ ਸੇਵਾਵਾਂ ਪ੍ਰਦਾਨ ਕਰੇਗਾ। ਇਹ ਬਿਮਾਰੀਆਂ ਹਰ ਵਰ੍ਹੇ ਬੜੀ ਸੰਖਿਆ ਵਿੱਚ ਬਾਲ਼ਗਾਂ ਵਿੱਚ ਗੰਭੀਰ ਸਿਹਥ ਸਮੱਸਿਆਵਾਂ, ਹਸਪਤਾਲ ਵਿੱਚ ਭਰਤੀ ਹੋਣ ਅਤੇ ਰੋਕੀਆਂ ਜਾ ਸਕਣ ਵਾਲੀਆਂ ਮੌਤਾਂ ਦਾ ਕਾਰਨ ਬਣਦੀਆਂ ਹਨ, ਜਿਨ੍ਹਾਂ ਨੂੰ ਸਮੇਂ 'ਤੇ ਟੀਕਾਕਰਣ ਦੇ ਜ਼ਰੀਏ ਕਾਫੀ ਹੱਦ ਤੱਕ ਟਾਲਿਆ ਜਾ ਸਕਦਾ ਹੈ।

ਨਵੀਂ ਸਥਾਪਿਤ ਇਹ ਸੁਵਿਧਾ ਇੱਕ 'ਵੰਨ-ਸਟਾਪ ਸੈਂਟਰ' ਦੇ ਰੂਪ ਵਿੱਚ ਕਾਰਜ ਕਰੇਗੀ, ਜਿੱਥੇ ਬਾਲ਼ਗਾਂ ਅਤੇ ਸੀਨੀਅਰ ਨਾਗਰਿਕਾਂ ਨੂੰ ਉਨ੍ਹਾਂ ਦੀ ਉਮਰ ਅਤੇ ਸਿਹਤ ਸਥਿਤੀ ਦੇ ਅਧਾਰ 'ਤੇ ਵਿਅਕਤੀਗਤ ਟੀਕਾਕਰਣ ਸਲਾਹ ਅਤੇ ਟੀਕਾਕਰਣ ਸੇਵਾਵਾਂ ਉਪਲਬਧ ਕਰਵਾਈਆਂ ਜਾਣਗੀਆਂ।

ਇਸ ਅਵਸਰ 'ਤੇ ਜੀਐੱਮਸੀਐੱਚ-32 ਦੇ ਡਾਇਰੈਕਟਰ ਪ੍ਰਿੰਸੀਪਲ, ਡਾ. ਰਵਨੀਤ ਕੌਰ ਬੇਦੀ; ਰੋਟਰੀ ਕਲੱਬ ਸੈਂਟਰਲ, ਚੰਡੀਗੜ੍ਹ ਦੇ ਪ੍ਰਧਾਨ, ਸ਼੍ਰੀ ਵੇਭੂ ਭਟਨਾਗਰ; ਮੈਡੀਕਲ ਸੁਪਰਡੈਂਟ, ਡਾ. ਵਿਸ਼ਾਲ ਗੁਗਲਾਨੀ; ਕਮਿਊਨਿਟੀ ਮੈਡੀਸਿਨ ਵਿਭਾਗ ਦੇ ਮੁਖੀ, ਡਾ. ਸੋਨੀਆ ਪੁਰੀ; ਜੀਐੱਮਸੀਐੱਚ ਦੇ ਫੈਕਲਟੀ ਮੈਂਬਰ ਅਤੇ ਸੀਨੀਅਰ ਡਾਕਟਰ ਅਤੇ ਹੋਰ ਹਿਤਧਾਰਕ ਵੀ ਉਪਸਥਿਤ ਸਨ।

# ਖੰਡਾ ਚੌਂਕ ਤੋ ਫਲਾਈ ਓਵਰ ਤੱਕ ਸੜਕ ਦਾ ਵਿਧਾਇਕ ਕੋਹਲੀ ਵਲੋਂ ਉਦਘਾਟਨ



**ਪਟਿਆਲਾ, 1 ਜੁਲਾਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਸੂਬੇ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਵਿਕਾਸ ਕਾਰਜ ਕਰ ਰਹੀ

ਪਟਿਆਲਾ, 1 ਜੁਲਾਈ 2026 ਛਤਰਪਾਲ ਸਿੰਘ): ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਅੱਜ ਸ੍ਰੀ ਦੁੱਖ ਨਿਵਾਰਨ ਸਾਹਿਬ (ਖੰਡਾ ਚੌਂਕ) ਤੋਂ ਲੈ ਕੇ ਪੁਰਾਣਾ ਬੱਸ ਅੱਡਾ ਫਲਾਈ ਓਵਰ ਤੱਕ 94 ਲੱਖ ਰੁਪਏ ਦੀ ਲਾਗਤ ਨਾਲ ਬਣੀ ਸੜਕ ਦਾ ਉਦਘਾਟਨ ਕੀਤਾ ਗਿਆ।ਓਹਨਾ ਕਿਹਾ ਕਿ ਜਿਹੜੀ ਸੰਗਤ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਵਿਖੇ ਨਿਤ ਆਉਂਦੀ ਹੈ ਓਹਨਾ ਸੰਗਤਾਂ ਨੂੰ ਇਸ ਸੜਕ ਤੋਂ ਲੰਘਣ ਲਈ ਦਿੱਕਤ ਨਾ ਆਵੇ , ਇਸ ਮੰਤਵ ਨਾਲ ਇਹ ਸੜਕ ਪਹਿਲ ਦੇ ਅਧਾਰ 'ਤੇ ਸ਼ੁਰੂ ਕਰ ਦਿੱਤੀ ਗਈ ਹੈ ਇਥੋਂ ਤੱਕ ਫਲਾਈ ਓਵਰ ਤੋਂ ਉਤਰ ਕੇ ਖੰਡਾ ਚੌਂਕ ਤੱਕ ਜਾਣ ਲਈ ਇਹ ਸੜਕ ਬਣਾਉਣਾ ਸਮੇਂ ਦੀ ਲੋੜ ਸੀ।

ਉਨ੍ਹਾਂ ਕਿਹਾ ਕਿ ਪਟਿਆਲਾ ਸ਼ਹਿਰ ਵਿੱਚ ਜਿਹੜੀਆਂ ਸੜਕਾਂ ਕਾਫੀ ਦੇਰ ਤੋਂ ਨਹੀਂ ਬਣੀਆਂ ਸਨ ਉਹ ਸੜਕਾਂ ਨੂੰ ਵੀ ਨਵੀਆਂ ਬਣਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਵਿਕਾਸ ਕਾਰਜ ਕਰ ਰਹੀ ਹੈ।

ਵਿਧਾਇਕ ਨੇ ਕਿਹਾ ਕਿ ਲੋਕਾਂ ਨੂੰ ਬਿਹਤਰ ਸੜਕਾਂ, ਸੀਵਰੇਜ, ਪੀਣ ਵਾਲੇ ਪਾਣੀ ਅਤੇ ਹੋਰ ਜ਼ਰੂਰੀ ਸਹੂਲਤਾਂ ਮੁਹੱਈਆ ਕਰਵਾਉਣਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ।ਓਹਨਾ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਇਲਾਕਾ ਨਿਵਾਸੀਆਂ ਨੂੰ ਆਵਾਜਾਈ ਵਿੱਚ ਵੱਡੀ ਰਾਹਤ ਮਿਲੇਗੀ ਅਤੇ ਖੇਤਰ ਦੀ ਦਿੱਖ ਵੀ ਹੋਰ ਸੁੰਦਰ ਬਣੇਗੀ। ਉਨ੍ਹਾਂ ਭਰੋਸਾ ਦਿਵਾਇਆ ਕਿ ਪਟਿਆਲਾ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਵਿਕਾਸ ਪ੍ਰੋਜੈਕਟਾਂ ਦੀ ਲੜੀ ਲਗਾਤਾਰ ਜਾਰੀ ਰਹੇਗੀ।

ਇਸ ਮੌਕੇ ਕੌਂਸਲਰ ਨੇਹਾ ਸਿੱਧੂ, ਅਮਨ ਜੌਲੀ ਬਲਾਕ ਪ੍ਰਧਾਨ, ਐਕਸੀਅਨ ਪਿਊਸ਼ ਅਗਰਵਾਲ ਅਤੇ ਐੱਸਡੀਓ ਮੁਨੀਸ਼ ਕੁਮਾਰ ਅਤੇ ਸੰਦੀਪ ਵਾਲੀਆ ਮੌਜੂਦ ਰਹੇ।

# ਸੱਕਤਰ, ਰੈੱਡ ਕਰਾਸ ਦੁਆਰਾ ਯੋਗ ਲਾਭਪਾਤਰੀਆਂ ਕੋਲੋਂ ਬਿਨੈ ਪੱਤਰਾਂ ਦੀ ਕੀਤੀ ਗਈ ਮੰਗ



**ਹੁਸ਼ਿਆਰਪੁਰ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ-ਕਮ-ਪ੍ਰਧਾਨ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਸ਼੍ਰੀਮਤੀ ਆਸ਼ਿਕਾ ਜੈਨ ਜੀ ਦੀ ਯੋਗ ਅਗਵਾਈ ਹੇਠਾਂ ਚਲਾਈ ਜਾ ਰਹੀ ਰੈੱਡ ਕਰਾਸ ਸੁਸਾਇਟੀ ਵੱਲੋਂ ਦਿਵਿਆਂਗਾਂ ਦੇ ਜੀਵਨ ਵਿੱਚ ਨਵੀਂ ਉਮੀਦ ਅਤੇ ਰੋਸ਼ਨੀ ਭਰਨ ਲਈ ਇੱਕ ਵੱਡੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਜਿਸ ਤਹਿਤ ਰੈੱਡ ਕਰਾਸ ਸੁਸਾਇਟੀ ਵੱਲੋਂ 'ਆਰਟੀਫੀਸ਼ੀਅਲ ਲਿਮਬਸ ਮੈਨੂਫੈਕਚਰਿੰਗ ਕਾਰਪੋਰੇਸ਼ਨ ਆਫ ਇੰਡੀਆ' ਦੇ ਵਿਸ਼ੇਸ਼ ਸਹਿਯੋਗ ਨਾਲ 07 ਜੁਲਾਈ ਨੂੰ ਕਮਿਊਨਿਟੀ ਹਾਲ, ਕਮਾਹੀ ਦੇਵੀ ਅਤੇ 08 ਜੁਲਾਈ ਨੂੰ ਬੀ.ਡੀ.ਪੀ.ਓ ਦਫਤਰ, ਦਸੂਹਾ ਵਿਖੇ ਮੁਫਤ ਬਨਾਵਟੀ ਅੰਗਾਂ ਅਤੇ ਹੋਰ ਸਹਾਇਕ ਉਪਕਰਣਾ ਦੀ ਵੰਡ ਸਬੰਧੀ ਕੈਂਪ ਲਗਾਇਆ ਜਾ ਰਿਹਾ ਹੈ। ਇਸ ਕੈਂਪ ਦਾ ਲਾਭ ਲੈਣ ਲਈ ਯੋਗ ਬਿਨੈਕਾਰਾਂ ਤੋਂ ਬਿਨੈ-ਪੱਤਰਾਂ ਦੀ ਮੰਗ ਕੀਤੀ ਗਈ ਹੈ।

ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਸ਼੍ਰੀ ਮੰਗੇਸ਼ ਸੂਦ ਨੇ ਦੱਸਿਆ ਕਿ ਪਿਛਲੇ ਇੱਕ ਸਾਲ ਵਿੱਚ ਇਹ ਉਹਨਾਂ ਦਾ ਪੰਜਵਾਂ ਕੈਂਪ ਹੈ। ਇਸ ਕੈਂਪ ਦਾ ਮੁੱਖ ਮਕਸਦ ਉਹਨਾਂ ਗਰੀਬ ਦਿਵਿਆਂਗ ਲੋਕਾਂ ਦੀ ਮਦਦ ਕਰਨਾ ਹੈ ਜੋ ਆਰਥਿਕ ਤੰਗੀ ਕਰਕੇ ਸਹਾਇਕ ਸਾਧਨ ਨਹੀਂ ਖਰੀਦ ਸਕਦੇ। ਕੈਂਪ ਵਿੱਚ ਡਾਕਟਰਾਂ ਵੱਲੋਂ ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ ਜਾਵੇਗੀ। ਇਸ ਦੌਰਾਨ ਲੋੜਵੰਦਾ ਨੂੰ ਕੰਨਾਂ ਦੀਆਂ ਮਸ਼ੀਨਾਂ, ਵ੍ਹੀਲ ਚੇਅਰ, ਟ੍ਰਾਈਸਾਈਕਲ, ਵੈਸਾਖੀਆਂ ਅਤੇ ਕੈਲੀਪਰਸ ਮੌਕੇ 'ਤੇ ਹੀ ਤੁਰੰਤ ਮੁਫਤ ਮੁਹੱਈਆ ਕੀਤੇ ਜਾਣਗੇ, ਜਦਕਿ ਬਨਾਵਟੀ ਹੱਥ ਅਤੇ ਪੈਰ ਕੈਂਪ ਵਿੱਚ ਨਾਪ ਲੈਣ ਤੋਂ 10 ਤੋਂ 15 ਦਿਨਾਂ ਬਾਅਦ ਬਿਲਕੁਲ ਮੁਫ਼ਤ ਪ੍ਰਦਾਨ ਕੀਤੇ ਜਾਣਗੇ। ਇਸ ਦਾ ਮੁੱਖ ਉਦੇਸ਼ ਇਹ ਹੈ ਕਿ ਦਿਵਿਆਂਗ ਲੋਕ ਬਿਨਾਂ ਕਿਸੇ ਸਹਾਰੇ ਦੇ ਆਪਣਾ ਰੋਜ਼ਾਨਾ ਦਾ ਕੰਮ ਆਪ ਕਰ ਸਕਣ।

ਵਧੇਰੇ ਜਾਣਕਾਰੀ ਦਿੰਦੇ ਹੋਏ ਸਕੱਤਰ, ਰੈੱਡ ਕਰਾਸ ਦੁਆਰਾ ਇਹ ਵੀ ਦੱਸਿਆ ਗਿਆ ਕਿ ਇਹ ਉਪਕਰਣ ਪ੍ਰਾਪਤ ਕਰਨ ਲਈ ਕੁਝ ਜ਼ਰੂਰੀ ਯੋਗਤਾਵਾਂ ਰੱਖੀਆਂ ਗਈਆਂ ਹਨ। ਜਿਵੇਂ ਮੋਟਰਾਈਜ਼ਡ ਟ੍ਰਾਈਸਾਈਕਲ ਸਿਰ਼ਫ ਉਨ੍ਹਾਂ ਬਿਨੈਕਾਰਾਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਦੀ ਦਿਵਿਆਂਗਤਾ 80% ਜਾਂ ਇਸ ਤੋਂ ਵੱਧ ਹੈ ਅਤੇ ਉਨ੍ਹਾਂ ਨੂੰ ਪਿਛਲੇ 5 ਸਾਲਾਂ ਵਿੱਚ ਸਰਕਾਰ ਜਾਂ ਕਿਸੇ ਸੰਸਥਾ ਵੱਲੋਂ ਅਜਿਹਾ ਮੋਟਰ ਵਾਲਾ ਸਾਈਕਲ ਪ੍ਰਾਪਤ ਨਹੀਂ ਕੀਤਾ ਹੈ, ਜਦਕਿ ਵ੍ਹੀਲ ਚੇਅਰ, ਨਕਲੀ ਅੰਗ ਅਤੇ ਕੰਨਾਂ ਦੀ ਮਸ਼ੀਨ ਵਰਗੇ ਹੋਰ ਸਹਾਇਕ ਸਾਧਨ ਸਿਰ਼ਫ ਉਨ੍ਹਾਂ ਲੋੜਵੰਦਾਂ ਨੂੰ ਹੀ ਦਿੱਤੇ ਜਾਣਗੇ ਜਿਨ੍ਹਾਂ ਨੇ ਪਿਛਲੇ 3 ਸਾਲਾਂ ਦੌਰਾਨ ਇਹ ਸੁਵਿਧਾ ਪ੍ਰਾਪਤ ਨਹੀਂ ਕੀਤੀ ਹੈ।

ਸੰਯੁਕਤ ਸਕੱਤਰ, ਰੈੱਡ ਕਰਾਸ, ਸ਼੍ਰੀ ਆਦਿਤਯ ਰਾਣਾ ਜੀ ਦੁਆਰਾ ਦੱਸਿਆ ਗਿਆ ਕਿ ਕੈਂਪ ਵਿੱਚ ਪਹੁੰਚਣ ਵਾਲੇ ਵਿਅਕਤੀਆਂ ਦੀ ਸਹੂਲਤ ਲਈ ਹਰ ਤਰ੍ਹਾਂ ਦੇ ਲੋੜੀਂਦੇ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ।

ਇਸ ਵਿਸ਼ੇਸ਼ ਕੈਂਪ ਦਾ ਲਾਭ ਲੈਣ ਲਈ ਯੋਗ ਉਮੀਦਵਾਰ ਆਪਣੇ ਬਿਨੈ-ਪੱਤਰ ਜਮ੍ਹਾ ਕਰਨ ਅਤੇ ਰਜਿਸਟ੍ਰੇਸ਼ਨ ਕਰਵਾਉਣ ਲਈ ਮੋਬਾਈਲ ਨੰਬਰ 81462-41296 'ਤੇ ਸੰਪਰਕ ਕਰ ਸਕਦੇ ਹਨ। ਇਸ ਕੈਂਪ ਵਿੱਚ ਆਉਣ ਵਾਲੇ ਦਿਵਿਆਂਗ ਵਿਅਕਤੀ ਆਪਣੇ ਨਾਲ ਯੂ.ਡੀ.ਆਈ.ਡੀ. ਕਾਰਡ ਜਾਂ ਦਿਵਿਆਂਗਤਾ ਸਰਟੀਫਿਕੇਟ ਅਤੇ ਆਧਾਰ ਕਾਰਡ ਦੀ ਕਾਪੀ ਜ਼ਰੂਰ ਲੈ ਕੇ ਆਉਣ।

ਰੈੱਡ ਕਰੌਸ ਸੁਸਾਇਟੀ, ਹੁਸ਼ਿਆਰਪੁਰ ਵੱਲੋਂ ਸਮੂਹ ਇਲਾਕਾ ਨਿਵਾਸੀਆਂ, ਪੰਚਾਂ-ਸਰਪੰਚਾਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਉਹ 7 ਜੁਲਾਈ ਨੂੰ ਕਮਿਊਨਿਟੀ ਹਾਲ, ਕਮਾਹੀ ਦੇਵੀ ਅਤੇ 8 ਜੁਲਾਈ ਨੂੰ ਬੀ.ਡੀ.ਪੀ.ਓ ਦਫਤਰ, ਦਸੂਹਾ ਵਿਖੇ ਲੱਗਣ ਵਾਲੇ ਇਸ ਕੈਂਪ ਸਬੰਧੀ ਆਪਣੇ ਆਲੇ-ਦੁਆਲੇ ਰਹਿੰਦੇ ਲੋੜਵੰਦ ਦਿਵਿਆਂਗਾਂ ਨੂੰ ਜਾਗਰੂਕ ਕਰਨ ਤਾਂ ਜੋ ਵੱਧ ਤੋਂ ਵੱਧ ਲੋੜਵੰਦ ਇਸਦਾ ਲਾਭ ਉਠਾ ਸਕਣ।

# ਪਟਿਆਲਾ ਦਿਹਾਤੀ ਹਲਕੇ ਦੇ ਸੀਨੀਅਰ ਕਾਂਗਰਸੀ ਆਗੂ ਮਹੰਤ ਖਨੌੜਾ ਗੁਰਦੁਆਰਾ ਰੋੜੇਵਾਲ ਸਾਹਿਬ ਵਿਖੇ ਹੋਏ ਨਤਮਸਤਕ



**ਪਟਿਆਲਾ, 1 ਜੁਲਾਈ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਤ ਬਾਬਾ ਪੂਰਨ ਦਾਸ ਜੀ ਤੇ ਬਾਬਾ ਬਲਵੰਤ ਸਿੰਘ ਜੀ ਸਿਹੋੜਾ ਸਾਹਿਬ ਵਾਲਿਆਂ ਦੇ ਚਰਨ ਛੋਹ ਅਸਥਾਨ ਪਿੰਡ ਰੋੜੇਵਾਲ ਦੇ ਗੁਰਦੁਆਰਾ ਸਾਹਿਬ ਵਿਖੇ ਪੰਜਾਬ ਕਾਂਗਰਸ ਦੇ ਸਾਬਕਾ ਸੂਬਾ ਚੇਅਰਮੈਨ ਤੇ ਪਟਿਆਲਾ ਦਿਹਾਤੀ ਹਲਕੇ ਦੇ ਸਿਰੀ ਰਾਗ ਆਗੂ ਮਹੰਤ ਹਰਵਿੰਦਰ ਸਿੰਘ ਖਨੌੜਾ ਨਤਮਸਤਕ ਹੋਏ ਜਿੱਥੇ ਉਹਨਾਂ ਗੱਦੀ ਨਸੀਨ ਸੰਤ ਬਾਬਾ ਗੁਰਚਰਨ ਸਿੰਘ ਜੀ ਨੂੰ ਮਿਲ ਕੇ ਅਸ਼ੀਰਵਾਦ ਪ੍ਰਾਪਤ ਕੀਤਾ ਉੱਥੇ ਹੀ ਸੰਤ ਬਾਬਾ ਗੁਰਚਰਨ ਸਿੰਘ ਜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕਿਹਾ ਕਿ ਸਮੁੱਚੇ ਧਰਮਾਂ ਦਾ ਇਹ ਸਾਂਝਾ ਸਥਾਨ ਹੈ ਤੇ ਹਰ ਕੋਈ ਸੰਤਾਂ ਮਹਾਂਪੁਰਸ਼ਾਂ ਤੋਂ ਸਮੇਂ ਸਮੇਂ ਅਨੁਸਾਰ ਆਸ਼ੀਰਵਾਦ ਪ੍ਰਾਪਤ ਕਰਨ ਦਾ ਸਿਲਸਿਲਾ ਫਿਰ ਲੰਬੇ ਸਮੇਂ ਤੋਂ ਚੱਲ ਰਿਹਾ ਹੈ ਊਨਾ ਕਿਹਾ ਵੀ ਵੱਖ ਵੱਖ ਪਾਰਟੀਆਂ ਦੇ ਰਾਜਨੀਤਿਕ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨਾਲ ਵਿਚਰਨ ਲੱਗੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਣ ਦਾ ਸੁਨੇਹਾ ਦੇਣ ਉਹਨਾਂ ਕਿਹਾ ਕਿ ਜਿਹੜੇ ਵਿਅਕਤੀ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦੇ ਹਨ ਉਹਨਾਂ ਦੇ ਪਰਿਵਾਰਾਂ ਦਾ ਬਹੁਤ ਹੀ ਮਾੜਾ ਹਾਲ ਹੋ ਜਾਂਦਾ ਜੋ ਆਰਥਿਕ ਪੱਖੋਂ ਕਮਜ਼ੋਰ ਹੋ ਜਾਂਦੇ ਹਨ ਜਿਨਾਂ ਦਾ ਸਹਾਰਾ ਬਣਨ ਤੋਂ ਲੋਕ ਵੀ ਦੂਰ ਹੋ ਕੇ ਰਹਿ ਜਾਂਦੇ ਹਨ ਜਿਨਾਂ ਨੂੰ ਬਚਾਉਣ ਲਈ ਹਰ ਸੁਲਝੇ ਹੋਏ ਵਿਅਕਤੀ ਨੂੰ ਜਾਗਰੂਕ ਕਰਨ ਲਈ ਅੱਗੇ ਆਉਣਾ ਸਮੇਂ ਦੀ ਮੁੱਖ ਲੋੜ ਹੈ। ਸੰਤ ਬਾਬਾ ਗੁਰਚਰਨ ਸਿੰਘ ਜੀ ਨੇ ਮਹੰਤ ਖਨੌੜਾ ਨੂੰ ਸਰੋਪਾ ਦੇ ਕੇ ਸਨਮਾਨਿਤ ਵੀ ਕੀਤਾ ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਜੀਤ ਸਿੰਘ ਕਾਠਮੱਠੀ, ਪ੍ਰਧਾਨ ਬਲਵਿੰਦਰ ਸਿੰਘ ਕੰਗ, ਯਾਦਵਿੰਦਰ ਸਿੰਘ ਨਾਭਾ ਆਦਿ ਵੀ ਹਾਜ਼ਰ ਸਨ।

# ਬੇਟ ਇਲਾਕੇ ਦੇ ਲੋਕ ਸੜਕਾਂ ਤੇ ਪਏ ਪੱਥਰਾਂ ਅਤੇ ਅਧੂਰੀਆਂ ਬਣੀਆਂ ਸੜਕਾਂ ਤੋਂ ਹੋਏ ਪਰੇਸ਼ਾਨ



**ਮਾਛੀਵਾੜਾ ਸਾਹਿਬ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਨਿਰਮਾਣ ਵਿਭਾਗ ਵੱਲੋਂ ਮਾਛੀਵਾੜਾ ਦੇ ਬੇਟ ਇਲਾਕੇ ਵਿੱਚ ਸੜਕਾਂ ਬਣਾਉਣ ਲਈ ਪਿਛਲੇ ਕਈ ਮਹੀਨਿਆਂ ਤੋਂ ਕੰਮ ਆਰੰਭਿਆ ਹੋਇਆ ਹੈ ਪਰ ਸੜਕਾਂ ਤੇ ਪਿਆ ਪੱਥਰ ਰਾਹਗੀਰਾਂ ਤੇ ਪਿੰਡ ਵਾਸੀਆਂ ਲਈ ਮੁਸੀਬਤ ਬਣਿਆ ਹੋਇਆ ਹੈ। ਅੱਜ ਪਿੰਡ ਜਾਤੀਵਾਲ ਵਿਖੇ ਬਲਾਕ ਸੰਮਤੀ ਮੈਂਬਰ ਕੁਲਦੀਪ ਸਿੰਘ ਜਾਤੀਵਾਲ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਮਾਛੀਵਾੜਾ ਦੇ ਬੇਟ ਇਲਾਕੇ ਦੇ ਪਿੰਡਾਂ ਜਾਤੀਵਾਲ, ਜੱਸੋਵਾਲ, ਮਿਲਕੋਵਾਲ, ਈਸਾਪੁਰ ਅਤੇ ਮੰਡ ਝੜੌਦੀ ਦੀਆਂ ਸੜਕਾਂ ਬਣਾਉਣ ਲਈ ਅੱਜ ਤੋਂ ਕਰੀਬ 10 ਮਹੀਨੇ ਪਹਿਲਾਂ ਪੱਥਰ ਪਾਇਆ ਗਿਆ ਸੀ ਪਰ ਇਨੇ ਮਹੀਨੇ ਗੁਜ਼ਰ ਜਾਣ ਦੇ ਬਾਅਦ ਵੀ ਵਿਭਾਗ ਵੱਲੋਂ ਇਸ ਤੇ ਪ੍ਰੀਮਿਕਸ ਨਹੀਂ ਪਾਈ ਗਈ ਜਿਸ ਕਾਰਨ ਸੜਕਾਂ ਤੇ ਪਾਇਆ ਇਹ ਪੱਥਰ ਰਾਹਗੀਰਾਂ ਦੇ ਪਿੰਡ ਵਾਸੀਆਂ ਲਈ ਮੁਸੀਬਤ ਬਣ ਗਿਆ। ਉਹਨਾਂ ਦੱਸਿਆ ਕਿ ਇਹ ਪੱਥਰ ਆਲੇ ਦੁਆਲੇ ਖਿੱਲਰ ਗਏ ਹਨ ਤੇ ਇਸ ਤੋਂ ਲੰਘਣ ਵਾਲੇ ਕਈ ਮੋਟਰਸਾਈਕਲ ਸਵਾਰਾਂ ਤੇ ਹੋਰ ਵਾਹਨਾਂ ਦੇ ਟਾਇਰਾਂ ਨੂੰ ਨੁਕਸਾਨ ਪੁੱਜਿਆ ਹੈ।

ਉਹਨਾਂ ਦੱਸਿਆ ਕਿ ਕਈ ਵਾਰ ਭਾਰੀ ਵਾਹਨ ਦੇ ਟਾਇਰਾਂ ਥੱਲੋਂ ਨਿਕਲ ਕੇ ਪੱਥਰ ਦੁਕਾਨਾਂ ਵਿੱਚ ਵੀ ਵੱਜਦੇ ਹਨ ਜਿਸ ਕਾਰਨ ਕਦੇ ਵੀ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੋ ਸਕਦਾ ਹੈ । ਉਹਨਾਂ ਕਿਹਾ ਕਿ ਹੁਣ ਝੋਨੇ ਤੇ ਮੱਕੀ ਦਾ ਸੀਜ਼ਨ ਚੱਲ ਰਿਹਾ ਹੈ ਜਿਸ ਕਾਰਨ ਕਿਸਾਨਾਂ ਨੂੰ ਦਿਨ ਰਾਤ ਕੰਮ ਕਰਨਾ ਪੈ ਰਿਹਾ ਹੈ ਪਰ ਸੜਕਾਂ ਤੇ ਪਿਆ ਹੈ ਪੱਥਰ ਉਨਾਂ ਲਈ ਖਤਰਾ ਬਣਿਆ ਹੋਇਆ ਹੈ । ਉਹਨਾਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਤੋਂ ਮੰਗ ਕੀਤੀ ਇਹਨਾਂ ਅਧੂਰੀਆਂ ਪਈਆਂ ਸੜਕਾਂ ਨੂੰ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ ਤਾਂ ਜੋ ਬੇਟ ਇਲਾਕੇ ਦੇ ਲੋਕਾਂ ਨੂੰ ਰਾਹਤ ਮਿਲ ਸਕੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਰਣਜੀਤ ਸਿੰਘ ਨੰਬਰਦਾਰ, ਜਸਵੀਰ ਸਿੰਘ ਨੰਬਰਦਾਰ, ਸਰਦਾਰਾ ਸਿੰਘ ਨੰਬਰਦਾਰ, ਸਰਪੰਚ ਕਮਲਜੀਤ ਕੌਰ, ਰਜਿੰਦਰ ਸਿੰਘ ਪੰਚ, ਗਿਆਨ ਸਿੰਘ ਸਾਬਕਾ ਸਰਪੰਚ, ਰਣਜੀਤ ਸਿੰਘ ਫੌਜੀ, ਸਵਰਨ ਸਿੰਘ ਸਾਬਕਾ ਪੰਚ, ਧਰਮਿੰਦਰ ਸਿੰਘ, ਰਣਜੀਤ ਸਿੰਘ ਜੀਤਾ, ਪਰਮਜੀਤ ਸਿੰਘ ਕਾਲਾ, ਅਮਰਿੰਦਰ ਸਿੰਘ ਅਤੇ ਚਰਨ ਸਿੰਘ ਵੀ ਮੌਜੂਦ ਸਨ।ਇਸ ਸਬੰਧੀ ਜਦੋਂ ਲੋਕ ਨਿਰਮਾਣ ਵਿਭਾਗ ਦੇ ਜੇਈ ਦਵਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਦੱਸਿਆ ਕਿ ਠੇਕੇਦਾਰ ਕੋਲ ਲੁੱਕ ਦੀ ਮਾਤਰਾ ਘੱਟ ਹੋਣ ਕਾਰਨ ਇਹਨਾਂ ਸੜਕਾਂ ਦੇ ਨਿਰਮਾਣ ਵਿੱਚ ਦੇਰੀ ਹੋਈ ਹੈ ਉਹਨਾਂ ਵਿਸ਼ਵਾਸ ਦਵਾਇਆ ਕਿ ਆਉਣ ਵਾਲੇ ਚਾਰ ਪੰਜ ਦਿਨਾਂ ਵਿਚ ਇਹਨਾਂ ਸੜਕਾਂ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਜਾਵੇਗਾ।

# ਐਸ.ਆਈ.ਆਰ ਸਬੰਧੀ ਜ਼ਿਲ੍ਹਾ ਪੱਧਰ 'ਤੇ ਸ਼ਿਕਾਇਤ ਸੈੱਲ ਸਥਾਪਿਤ

**ਤਰਨ ਤਾਰਨ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਚੋਣ ਅਫ਼ਸਰ, ਪੰਜਾਬ ਅਤੇ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ (ਐਸ.ਆਈ.ਆਰ) -2026 ਦੇ ਸਬੰਧ ਵਿੱਚ ਜ਼ਿਲ੍ਹਾ ਪੱਧਰ 'ਤੇ ਸ਼ਿਕਾਇਤ ਸੈੱਲ ਸਥਾਪਿਤ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਆਰ.ਡੀ)-ਕਮ-ਡੀ.ਜੀ.ਆਰ.ਓ (ਐਸ.ਆਈ.ਆਰ) ਤਰਨ ਤਾਰਨ ਸੰਜੀਵ ਸ਼ਰਮਾ ਨੇ ਦੱਸਿਆ ਕਿ ਇਸ ਜ਼ਿਲ੍ਹਾ ਪੱਧਰੀ ਸ਼ਿਕਾਇਤ ਸੈੱਲ ਦੀ ਈਮੇਲ ਆਈ.ਡੀ tarntaran sirgrievance@gmail.com 'ਤੇ ਕੋਈ ਵੀ ਯੋਗ ਵੋਟਰ ਆਪਣੀ ਜਾਣਕਾਰੀ ਅਤੇ ਸ਼ਿਕਾਇਤ ਸਬੰਧੀ ਲਿਖਤੀ ਰੂਪ ਵਿੱਚ ਅਰਜ਼ੀ ਦਾਖ਼ਲ ਕਰ ਸਕਦਾ ਹੈ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸਮਰਪਿਤ ਨਾਟਕ ਤੱਤੀ ਤਵੀ ਦਾ ਸੱਚ ਦਾ ਮੰਚਨ ਅੱਜ

**ਬਠਿੰਡਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰੂਪਕ ਕਲਾ ਐਂਡ ਵੈਲਫੇਅਰ ਸੋਸਾਇਟੀ ਵੱਲੋਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹੀਦੀ ਨੂੰ ਸਮਰਪਿਤ ਪ੍ਰਸਿੱਧ ਨਾਟਕ ਤੱਤੀ ਤਵੀ ਦਾ ਸੱਚ ਦਾ ਮੰਚਨ ਅੱਜ ਬਲਵੰਤ ਗਾਰਗੀ ਆਡੀਟੋਰੀਅਮ ਬਠਿੰਡਾ ਵਿਖੇ ਕੀਤਾ ਜਾਵੇਗਾ। ਲਾਈਟ ਐਂਡ ਸਾਊਂਡ 'ਤੇ ਆਧਾਰਿਤ ਇਹ ਵਿਲੱਖਣ ਪੇਸ਼ਕਾਰੀ ਦਰਸ਼ਕਾਂ ਨੂੰ ਇਤਿਹਾਸਕ, ਅਧਿਆਤਮਿਕ ਅਤੇ ਕਲਾਤਮਕ ਅਨੁਭਵ ਪ੍ਰਦਾਨ ਕਰੇਗੀ।

ਸਾਹਿਤ ਅਕਾਦਮੀ ਐਵਾਰਡ ਨਾਲ ਸਨਮਾਨਿਤ ਨਾਟਕਕਾਰ ਡਾ. ਆਤਮਜੀਤ ਵੱਲੋਂ ਇਹ ਨਾਟਕ ਲਿਖਿਆ ਗਿਆ ਹੈ। ਨਾਟਕ ਵਿੱਚ ਸੰਵਾਦਾਂ ਅਤੇ ਬਹਿਸ ਦੀ ਪ੍ਰਭਾਵਸ਼ਾਲੀ ਨਾਟਕੀ ਤਕਨੀਕ ਰਾਹੀਂ ਗੁਰੂ ਸਾਹਿਬ ਦੀ ਸ਼ਹੀਦੀ ਦੇ ਅਸਲ ਕਾਰਨਾਂ ਅਤੇ ਉਸ ਸਮੇਂ ਦੇ ਸਮਾਜਿਕ-ਰਾਜਨੀਤਿਕ ਹਾਲਾਤਾਂ ਨੂੰ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਦੇ ਨਾਲ ਹੀ ਬਾਦਸ਼ਾਹ ਅਕਬਰ ਦੀ ਧਾਰਮਿਕ ਸਹਿਣਸ਼ੀਲਤਾ ਅਤੇ ਜਹਾਂਗੀਰ ਦੀ ਧਾਰਮਿਕ ਕੱਟੜਤਾ ਦਾ ਯਥਾਰਥ ਚਿੱਤਰਣ ਦਰਸ਼ਕਾਂ ਨੂੰ ਇਤਿਹਾਸ ਦੇ ਅਹਿਮ ਪੱਖਾਂ ਨਾਲ ਰੂਬਰੂ ਕਰਵਾਉਂਦਾ ਹੈ। ਨਾਟਕ ਦੀ ਇੱਕ ਵਿਸ਼ੇਸ਼ ਖ਼ੂਬੀ ਇਹ ਹੈ ਕਿ ਇਸ ਵਿੱਚ ਰਵਾਇਤੀ ਸੂਤਰਧਾਰ ਨੂੰ ਨਵੇਂ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਹੈ। ਪੰਜ ਸੂਫ਼ੀ ਸੰਤ ਆਪਣੀ ਰੂਹਾਨੀ ਮਸਤ ਅਵਸਥਾ ਵਿੱਚ ਗਾਇਨ ਅਤੇ ਕਥਾ-ਵਾਚਨ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਗਾਥਾ ਬਿਆਨ ਕਰਦੇ ਹਨ। ਪ੍ਰੋਜੈਕਟਰ, ਲਾਈਟਿੰਗ ਅਤੇ ਸਾਊਂਡ ਇਫੈਕਟਸ ਦੀ ਕਲਾਤਮਕ ਵਰਤੋਂ ਇਸ ਪੇਸ਼ਕਾਰੀ ਨੂੰ ਹੋਰ ਵੀ ਜੀਵੰਤ ਅਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ। ਇਸ ਨਾਟਕ ਦੇ ਲੇਖਕ ਡਾ. ਆਤਮਜੀਤ ਹਨ । ਜਦਕਿ ਨਿਰਦੇਸ਼ਨ ਸੰਗੀਤਾ ਗੁਪਤਾ ਵੱਲੋਂ ਕੀਤਾ ਗਿਆ ਹੈ। ਸਹਾਇਕ ਨਿਰਦੇਸ਼ਕ ਸਾਹਿਨ, ਪ੍ਰੋਡਕਸ਼ਨ ਦੀ ਜ਼ਿੰਮੇਵਾਰੀ ਲਵਲੀਨ ਕੌਰ, ਲਾਈਟਿੰਗ ਚੇਤਨ ਅਤੇ ਸੰਗੀਤ ਜਤਿੰਦਰ ਸ਼ਾਹ ਵੱਲੋਂ ਸੰਭਾਲਿਆ ਗਿਆ ਹੈ। ਨਾਟਕ ਵਿੱਚ ਅਭਿਸ਼ੇਕ, ਅੰਕੁਜ, ਰੇਯਾ ਸ਼ਰਮਾ, ਯੁਵਰਾਜ, ਨੰਦਿਨੀ ਗੁਪਤਾ, ਪ੍ਰਿਯੰਕਾ, ਮੰਤਵ, ਰਾਕੇਸ਼ ਰਸਤੋਗੀ, ਅਰਸ਼ਦੀਪ ਸਿੰਘ, ਇਸ਼ਨੂਰ ਸਿੰਘ, ਗੁਰਵੀਰ ਸਿੰਘ, ਹਰਮਨਪ੍ਰੀਤ ਸਿੰਘ, ਜੋਤੀ ਸ਼੍ਰੀ ਗੁਹਾ, ਬਲਜਿੰਦਰ ਸਿੰਘ, ਪਰਮਵੀਰ, ਅਥਰਵ, ਨਵ ਕੌਰ, ਹਰਤੀਰਥ ਸਿੰਘ, ਮਿਰਜ਼ਾ, ਹਰਪ੍ਰੀਤ ਕੌਰ ਅਤੇ ਸਾਹਿਨ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਨੂੰ ਪ੍ਰਭਾਵਿਤ ਕਰਨਗੇ। ਰੂਪਕ ਕਲਾ ਐਂਡ ਵੈਲਫੇਅਰ ਸੋਸਾਇਟੀ ਨੇ ਬਠਿੰਡਾ ਅਤੇ ਆਸ-ਪਾਸ ਦੇ ਇਲਾਕਿਆਂ ਦੇ ਕਲਾ-ਪ੍ਰੇਮੀਆਂ, ਸਾਹਿਤਕਾਰਾਂ, ਵਿਦਿਆਰਥੀਆਂ ਅਤੇ ਸਮੂਹ ਸੰਗਤ ਨੂੰ ਇਸ ਵਿਲੱਖਣ ਨਾਟਕ ਦਾ ਹਿੱਸਾ ਬਣਨ ਦੀ ਅਪੀਲ ਕੀਤੀ ਹੈ।

# ਜ਼ਿਲ੍ਹਾ ਪੁਲਿਸ ਰੂਪਨਗਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਗੈਰਕਾਨੂੰਨੀ ਸੰਪਤੀ ਦੀ ਕਾਨੂੰਨੀ ਤੌਰ 'ਤੇ ਢਾਹੁਣ ਲਈ ਪੁਲਿਸ ਸਹਾਇਤਾ ਮੁਹੱਈਆ



**ਸ੍ਰੀ ਅਨੰਦਪੁਰ ਸਾਹਿਬ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਡਾਇਰੈਕਟਰ ਜਨਰਲ ਆਫ ਪੁਲਿਸ ਸ਼੍ਰੀ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ ਹੇਠ, ਜ਼ਿਲ੍ਹਾ ਪੁਲਿਸ ਰੂਪਨਗਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੌਰਾਨ ਇੱਕ ਗੈਰਕਾਨੂੰਨੀ ਤੌਰ 'ਤੇ ਬਣਾਈ ਗਈ ਸੰਪਤੀ ਨੂੰ ਢਾਹੁਣ ਲਈ ਨਗਰ ਕੌਂਸਲ, ਸ੍ਰੀ ਆਨੰਦਪੁਰ ਸਾਹਿਬ ਦੇ ਕਾਰਜਕਾਰੀ ਅਧਿਕਾਰੀ ਨੂੰ ਪੂਰਨ ਸਹਿਯੋਗ ਦਿੱਤਾ ਗਿਆ।

ਇਥੇ ਜਾਣਕਾਰੀ ਦਿੰਦਿਆਂ ਐਸ.ਪੀ. ਸ਼੍ਰੀ ਅਰਵਿੰਦ ਮੀਨਾ ਨੇ ਦੱਸਿਆ ਕਿ ਨਸ਼ਾ ਤਸਕਰ ਅਜਮੇਰ ਸਿੰਘ ਉਰਫ਼ ਸੋਨੀ ਵਿਰੁੱਧ ਸ੍ਰੀ ਆਨੰਦਪੁਰ ਸਾਹਿਬ ਦੇ ਇਲਾਕੇ ਨਾਲ ਸੰਬੰਧਿਤ ਨਸ਼ਾ ਤਸਕਰੀ ਦੀ ਗੈਰ ਕਾਨੂੰਨੀ ਗਤੀਵਿਧੀਆਂ ਦਾ ਲੰਮਾ ਰਿਕਾਰਡ ਹੈ ਅਤੇ ਉਸ ਦੇ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਲਗਭਗ 10 ਮਾਮਲੇ ਦਰਜ ਹਨ। ਕੁੱਲ ਮਿਲਾਕੇ ਅਜਮੇਰ ਸਿੰਘ ਖ਼ਿਲਾਫ਼ 12 ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਕਿ ਉਸ ਦੀ ਰਿਹਾਇਸ਼ ਨੂੰ ਢਾਹੁਣ ਦੀ ਕਾਰਵਾਈ ਸੰਬੰਧਿਤ ਸਿਵਲ ਅਥਾਰਟੀਆਂ ਵੱਲੋਂ ਸਾਰੀਆਂ ਲਾਜ਼ਮੀ ਕਾਨੂੰਨੀ ਕਾਰਵਾਈਆਂ ਪੂਰੀਆਂ ਕਰਨ ਤੋਂ ਬਾਅਦ ਕਾਨੂੰਨ ਅਨੁਸਾਰ ਕੀਤੀ ਗਈ। ਜ਼ਿਲ੍ਹਾ ਪੁਲਿਸ ਰੂਪਨਗਰ ਵੱਲੋਂ ਕਾਨੂੰਨ-ਵਿਵਸਥਾ ਬਣਾਈ ਰੱਖਣ, ਲੋਕਾਂ ਦੀ ਸੁਰੱਖਿਆ ਅਤੇ ਕਾਰਵਾਈ ਨੂੰ ਸ਼ਾਂਤੀਪੂਰਵਕ ਤਰੀਕੇ ਨਾਲ ਅੰਜ਼ਾਮ ਦੇਣ ਲਈ ਪੂਰੇ ਸੁਰੱਖਿਆ ਪ੍ਰਬੰਧ ਕੀਤੇ ਗਏ।

ਉਨ੍ਹਾਂ ਕਿਹਾ ਕਿ ਇਹ ਕਾਰਵਾਈ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ, ਰੋਪੜ ਰੇਂਜ ਅਤੇ ਸੀਨੀਅਰ ਸੁਪਰਿੰਟੈਂਡੈਂਟ ਆਫ ਪੁਲਿਸ, ਰੂਪਨਗਰ ਸ਼੍ਰੀ ਮਨਿੰਦਰ ਸਿੰਘ ਦੀ ਨਿਗਰਾਨੀ ਹੇਠ ਬਿਨਾਂ ਕਿਸੇ ਅਣਚਾਹੀ ਘਟਨਾ ਦੇ ਸੁਚੱਜੇ ਢੰਗ ਨਾਲ ਪੂਰੀ ਕੀਤੀ ਗਈ।

ਸ਼੍ਰੀ ਮੀਨਾ ਨੇ ਦੱਸਿਆ ਕਿ ਇਹ ਕਾਰਵਾਈ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਦੀ ਨਸ਼ਾ ਤਸਕਰੀ ਅਤੇ ਸੰਗਠਿਤ ਅਪਰਾਧ ਨੂੰ ਸਹਾਰਾ ਦੇਣ ਵਾਲੇ ਗੈਰਕਾਨੂੰਨੀ ਢਾਂਚਿਆਂ ਅਤੇ ਵਿੱਤੀ ਪ੍ਰਣਾਲੀ ਦੇ ਵਿਰੁੱਧ ਕੀਤੀ ਸਖ਼ਤ ਕਾਰਵਾਈ ਹੈ। ਇਸ ਤਰ੍ਹਾਂ ਦੀਆਂ ਸਾਂਝੀਆਂ ਕਾਰਵਾਈਆਂ ਰਾਜ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਅਤੇ ਕਾਨੂੰਨ ਦੀ ਪਾਲਣਾ ਯਕੀਨੀ ਬਣਾਉਣ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਦਾ ਅਹਿਮ ਹਿੱਸਾ ਹਨ।

ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹਾ ਪੁਲਿਸ ਰੂਪਨਗਰ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਕਾਰਵਾਈਆਂ ਵਿੱਚ ਸਿਵਲ ਪ੍ਰਸ਼ਾਸਨ ਨੂੰ ਪੂਰਾ ਕਾਨੂੰਨੀ ਸਹਿਯੋਗ ਦੇਣ ਲਈ ਵਚਨਬੱਧ ਹੈ ਅਤੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ।

# ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ) 2026: ਚੰਡੀਗੜ੍ਹ ਵਿੱਚ ਦੋ-ਦਿਨਾਂ ਦੇ ਸਪੈਸ਼ਲ ਕੈਂਪਾਂ ਨੂੰ ਲੋਕਾਂ ਦਾ ਉਤਸ਼ਾਹਪੂਰਨ ਹੁੰਗਾਰਾ



**ਚੰਡੀਗੜ੍ਹ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ) 2026 ਦੇ ਤਹਿਤ ਗਣਨਾ ਫਾਰਮ ਜਮ੍ਹਾਂ ਕਰਵਾਉਣ ਲਈ ਦੋ-ਦਿਨਾਂ ਦੇ ਸਪੈਸ਼ਲ ਕੈਂਪ 27 ਅਤੇ 1 ਜੁਲਾਈ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਸਫ਼ਲਤਾਪੂਰਵਕ ਸੰਪੰਨ ਹੋਏ।

ਬੜੀ ਸੰਖਿਆ ਵਿੱਚ ਸਥਾਨਕ ਨਿਵਾਸੀਆਂ ਨੇ ਇਨ੍ਹਾਂ ਕੈਂਪਾਂ ਵਿੱਚ ਪਹੁੰਚ ਕੇ ਆਪਣੇ ਗਣਨਾ ਫਾਰਮ ਜਮ੍ਹਾਂ ਕੀਤੇ। ਕੈਂਪਾਂ ਦੇ ਸਫ਼ਲ ਆਯੋਜਨ ਵਿੱਚ ਬੂਥ ਲੈਵਲ ਅ਼ਫ਼ਸਰਾਂ (ਬੀਐੱਲਓਜ਼) ਨੇ ਸਮਰਪਿਤ ਭਾਵ ਨਾਲ ਕਾਰਜ ਕਰਦੇ ਹੋਏ ਵੋਟਰਾਂ ਨੂੰ ਉਨ੍ਹਾਂ ਦੇ ਫਾਰਮ ਭਰਨ ਅਤੇ ਜਮ੍ਹਾਂ ਕਰਵਾਉਣ ਵਿੱਚ ਜ਼ਰੂਰੀ ਸਹਾਇਤਾ ਪ੍ਰਦਾਨ ਕੀਤੀ। ਹੁਣ ਤੱਕ ਪ੍ਰਾਪਤ ਗਣਨਾ ਫਾਰਮਾਂ ਵਿੱਚੋਂ 35% ਤੋਂ ਅਧਿਕ ਦਾ ਡਿਜੀਟਲੀਕਰਣ ਵੀ ਬੂਥ ਲੈਵਲ ਅ਼ਫ਼ਸਰਾਂ (ਬੀਐੱਲਓਜ਼) ਦੁਆਰਾ ਕੀਤਾ ਜਾ ਚੁੱਕਿਆ ਹੈ।

ਭਾਰਤ ਦੇ ਚੋਣ ਕਮਿਸ਼ਨ ਨੇ 14 ਮਈ, 2026 ਨੂੰ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ) 2026 ਦੇ ਤੀਜੇ ਪੜਾਅ ਦੀ ਸਮਾਂ-ਸਾਰਣੀ ਦਾ ਐਲਾਨ ਕੀਤਾ ਸੀ। ਇਸ ਅਨੁਸਾਰ ਚੰਡੀਗੜ੍ਹ ਵਿੱਚ ਗਣਨਾ ਪ੍ਰਕਿਰਿਆ 15 ਜੂਨ, 2026 ਤੋਂ ਸ਼ੁਰੂ ਹੋਈ। ਮੁਹਿੰਮ ਦੇ ਪਹਿਲੇ ਹੀ ਹ਼ਫ਼ਤੇ ਵਿੱਚ ਬੂਥ ਲੈਵਲ ਅ਼ਫ਼ਸਰਾਂ (ਬੀਐੱਲਓਜ਼/) ਨੇ ਘਰ-ਘਰ ਜਾ ਕੇ ਗਣਨਾ ਫਾਰਮਾਂ ਦੀ 100% ਵੰਡ ਸ਼ਫ਼ਲਤਾਪੂਰਵਕ ਪੂਰੀ ਕਰ ਲਈ।

ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਘਰ-ਘਰ ਜਾ ਕੇ ਗਣਨਾ ਫਾਰਮ ਇਕੱਤਰ ਕਰਨ ਦੀ ਮੁਹਿੰਮ ਨਿਰੰਤਰ ਜਾਰੀ ਹੈ।

ਜਿਨ੍ਹਾਂ ਵੋਟਰਾਂ ਨੇ ਅਜੇ ਤੱਕ ਆਪਣੇ ਗਣਨਾ ਫਾਰਮ ਜਮ੍ਹਾਂ ਨਹੀਂ ਕਰਵਾਏ ਹਨ, ਉਹ ਆਪਣੇ ਖੇਤਰ ਦੇ ਬੀਐੱਲਓ (2*®) ਨੂੰ ਘਰ-ਘਰ ਦੌਰੇ ਕਰਨ ਦੇ ਦੌਰਾਨ ਆਪਣੇ ਢੰਗ ਨਾਲ ਭਰੇ ਹੋਏ ਫਾਰਮ ਸੌਂਪ ਸਕਦੇ ਹਨ ਜਾਂ ਈਸੀਆਈਨੈੱਟ (ECINet) ਪੋਰਟਲ (ecinet.eci.gov.in) ਜਾਂ ਈਸੀਆਈਨੈੱਟ (ECINet) ਮੋਬਾਈਲ ਐਪ ਦੇ ਜ਼ਰੀਏ ਔਨਲਾਇਨ ਵੀ ਜਮ੍ਹਾਂ ਕਰ ਸਕਦੇ ਹਨ।

ਕਿਸੇ ਵੀ ਪ੍ਰਕਾਰ ਦੀ ਸਹਾਇਤਾ ਜਾਂ ਜਾਣਕਾਰੀ ਲਈ ਨਾਗਰਿਕ ਈਸੀਆਈਨੈੱਟ (ECINet) ਐਪ ਅਤੇ ਪੋਰਟਲ 'ਤੇ ਉਪਲਬਧ ਬੁੱਕ ਏ ਕਾਲ ਸੁਵਿਧਾ ਦੇ ਜ਼ਰੀਏ ਆਪਣੇ ਸਬੰਧਿਤ ਬੀਐੱਲਓ (2*®) ਨਾਲ ਸੰਪਰਕ ਕਰ ਸਕਦੇ ਹਨ। ਇਸ ਤੋਂ ਇਲਾਵਾ ਸਪੈਸ਼ਲ ਇੰਟੈਂਸਿਵ ਰਿਵਿਜ਼ਨ (ਐੱਸਆਈਆਰ/SIR) 2026 ਨਾਲ ਸਬੰਧਿਤ ਕਿਸੇ ਵੀ ਜਾਣਕਾਰੀ ਜਾਂ ਸਹਾਇਤਾ ਲਈ 24 ਗ7 ਉਪਲਬਧ ਵੋਟਰ ਹੈਲਪਲਾਇਨ 1950 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।



# ਡੇਂਗੂ ਦਾ ਕਹਿਰ



ਡਾ. ਅਜੀਤ ਸਿੰਘ ਪੁਰੀ

ਡੇਂਗੂ ਇਕ ਗੰਭੀਰ ਤਪਤਖੰਡੀ ਰੋਗ ਹੈ। ਪਿਛਲੇ ਸਾਲਾਂ ਦੌਰਾਨ ਇਸ ਦੀਆਂ ਵੱਧ ਰਹੀਆਂ ਘਟਨਾਵਾਂ ਕਾਰਨ ਇਹ ਬਿਮਾਰੀ ਵਿਸ਼ਵਵਿਆਪੀ ਖ਼ਤਰਾ ਬਣ ਗਈ ਹੈ। ਇਹ ਸਭ ਤੋਂ ਵੱਧ ਫੈਲਣ ਵਾਲੀ ਵਿਸ਼ੈਲੀ ਸੰਕਰਾਮਕ ਬਿਮਾਰੀ ਹੈ ਜਿਹੜੀ ਐਡਿਸ ਅਈਜਿਪਟੀ ਮੱਛਰ ਦੇ ਕੱਟਣ ਕਾਰਨ ਹੁੰਦੀ ਹੈ। ਇਸ ਦੇ ਕੱਟਣ ਨਾਲ ਡੇਂਗੂ ਦਾ ਵਿਸ਼ੈਲਾ ਵਾਇਰਸ ਅਗਾਂਹ ਪਹੁੰਚਦਾ ਹੈ ਪਰ ਇਹ ਆਪਣੇ ਆਪ ਵਿਚ ਪੀੜਤ ਨਹੀਂ ਹੁੰਦਾ। ਮੱਛਰ ਉਸ ਵੇਲੇ ਸੰਕਾਰਮਕ ਹੁੰਦਾ ਹੈ ਜਦੋਂ ਇਹ ਡੇਂਗੂ ਨਾਲ ਪੀੜਤ ਮਨੁੱਖ ਨੂੰ ਕੱਟਦਾ ਹੈ। **ਚਾਰ ਪ੍ਰਕਾਰ ਦੇ ਘਾਤਕ ਬੈਕਟੀਰੀਆ** - ਜਿਨ੍ਹਾਂ ਦਾ ਆਪਸ ਵਿਚ ਨੇੜੇ ਦਾ ਸਬੰਧ ਹੁੰਦਾ ਹੈ ਪਰ ਰੋਚਕ ਗੱਲ ਇਹ ਹੈ ਕਿ ਇਕ ਵਿਸ਼ੈਲੇ ਬੈਕਟੀਰੀਆ ਨਾਲ ਹੋਈ ਲਾਗ ਉਸ ਵਾਇਰਸ ਨਾਲ ਹੀ ਰੋਗ ਪ੍ਰਤੀਰੋਧਤਾ ਪ੍ਰਦਾਨ ਕਰਦੀ ਹੈ ਅਤੇ ਕੋਈ ਦੂਜਾ ਵਾਇਰਸ ਅਜਿਹਾ ਨਹੀਂ ਕਰਦਾ।

### ਲੱਛਣ

ਡੇਂਗੂ ਬੁਖ਼ਾਰ ਦੇ ਲੱਛਣ ਤਿੰਨ ਤੋਂ ਚੌਦਾ ਦਿਨਾਂ ਵਿਚ ਆਉਂਣੇ ਸ਼ੁਰੂ ਹੋ ਜਾਂਦੇ ਹਨ। ਇਸ ਨੂੰ ਰੋਗ ਵਿਕਾਸ ਦਾ ਸਮਾਂ ਕਹਿੰਦੇ ਹਨ। ਇਹ ਸਮਾਂ ਲਾਗ ਦੇ ਉਘਾੜ ਜਾਂ ਪ੍ਰਗਟਾਵਾ ਅਤੇ ਪਹਿਲੇ ਲੱਛਣ ਦੇ ਨਜ਼ਰ ਆਉਣ ਦੇ ਅੰਤਰਾਲ ਦਾ ਹੁੰਦਾ ਹੈ। ਮਨੁੱਖ ਨੂੰ ਅਚਾਨਕ ਤੇਜ਼ ਬੁਖ਼ਾਰ, ਠੰਢ, ਸਿਰਦਰਦ, ਪਿੱਠ-ਦਰਦ ਅਤੇ ਅੱਖਾਂ ਦੇ ਘੁਮਾਉਣ ਨਾਲ ਦਰਦ ਵਧਦੀ ਹੈ ਅਤੇ ਇਸ ਨਾਲ ਹੀ ਸਾਧਾਰਨ ਪੱਠਿਆਂ ਵਿਚ ਵੀ ਦਰਦ ਹੁੰਦੀ ਹੈ। ਇਸ ਲਈ ਇਸ ਬਿਮਾਰੀ ਨੂੰ ਹੱਡ ਭੰਨਣਾ ਬੁਖ਼ਾਰ ਵੀ ਕਿਹਾ ਜਾਂਦਾ ਹੈ। ਕਿਈ ਵਾਰੀ ਬੁਖ਼ਾਰ ਕੁੱਝ ਘੰਟਿਆ ਤੋਂ ਲੈ ਕੇ ਦੋ ਦਿਨਾਂ ਲਈ ਘੱਟ ਜਾਂਦਾ ਹੈ ਅਤੇ ਇਕ-ਦੋ ਦਿਨਾਂ ਲਈ ਮੁੜ ਚੜ੍ਹ ਜਾਂਦਾ ਹੈ ਪਰ ਇਸ ਦੀ ਤੀਬਰਤਾ ਘੱਟ ਹੁੰਦੀ ਹੈ। ਇਹ ਬੁਖ਼ਾਰ ਇਕ ਹਫ਼ਤੇ ਲਈ ਰਹਿ ਸਕਦਾ ਹੈ। ਛਾਤੀ ਅਤੇ ਪਿੱਠ 'ਤੇ ਮੀਜ਼ਲ ਵਾਂਗ ਲਾਲ ਰੰਗ ਦੇ ਧੱਪੜ ਉਭਰ ਸਕਦੇ ਹਨ ਜਿਹੜੇ ਕਿ ਚਿਹਰੇ ਅਤੇ ਬਾਕੀ ਅੰਗਾਂ 'ਤੇ ਵੀ ਫ਼ੈਲ ਸਕਦੇ ਹਨ। ਇਨ੍ਹਾਂ ਦੀ ਮਿਆਦ ਇਕ ਤੋਂ ਪੰਜ ਦਿਨਾਂ ਦੀ ਹੁੰਦੀ ਹੈ। ਬੁਖ਼ਾਰ ਵਿਚ ਮਤਲੀ, ਉਲਟੀ ਅਤੇ ਭੁੱਖ ਦੀ ਇੱਛਾ ਨਾ ਹੋਣ ਵਰਗੇ ਲੱਛਣ ਨਜ਼ਰ ਆਉਂਦੇ ਹਨ। ਸੁਸਤ ਪੈ ਜਾਂਦੀ ਹੈ ਅਤੇ ਗ੍ਰੰਥੀਆਂ ਪ੍ਰਤੱਖ ਦਿਸਦੀਆਂ ਹਨ। ਹਰ-ਰੋਜ਼ੇ ਖ਼ੂਨ ਟੈਸਟਾਂ ਵਿਚ ਲਿਊਕੋਸਾਈਟ ਦੀ ਗਿਣਤੀ ਘੱਟ ਜਾਂਦੀ ਹੈ। ਲਿਊਕੋਪਿਨੀਆ ਅਤੇ ਨਿਊਟਰੋਫਿਲਜ਼ ਦੀ ਗਿਣਤੀ ਵੀ ਵਧੇਰੇ ਘੱਟ ਜਾਂਦੀ ਹੈ। ਇਸ ਬਿਮਾਰੀ ਦਾ ਮਹੱਤਵਪੂਰਨ ਤੱਥ ਇਹ ਹੈ ਕਿ ਕਈ ਸਾਧਾਰਨ ਰੋਗੀਆਂ ਵਿਚ ਪਲੇਟੇਲੈਟ ਦੀ ਗਿਣਤੀ ਵੀ ਘੱਟ ਜਾਂਦੀ ਹੈ। (ਥਰਾਬੋਸਾਈਟੋਪਿਨੀਆ) ਜਿਸ ਨਾਲ ਖ਼ੂਨ ਪ੍ਰਵਾਹ ਦੀ ਗੜਬੜ ਜਿਵੇਂ ਕਿ ਚਮੜੀ 'ਤੇ ਖਿੰਡਰੇ ਹੋਏ ਲਹੂ ਦੇ ਚਟਾਖ, ਨੱਕ ਵਿੱਚੋ ਖ਼ੂਨ-ਪ੍ਰਵਾਹ ਆਦਿ ਕਈ ਲੱਛਣ ਸਾਹਮਣੇ ਆਉਂਦੇ ਹਨ।

**ਖ਼ੂਨ-ਪ੍ਰਵਾਹ ਵਾਲਾ ਬੁਖ਼ਾਰ** - ਖ਼ੂਨ-ਪ੍ਰਵਾਹ ਵਾਲਾ ਬੁਖ਼ਾਰ ਬੱਚਿਆਂ ਵਿਚ ਹੁੰਦਾ ਹੈ ਜਿਸ ਵਿਚ ਪਲੇਟੇਲੇਟਾਂ ਦੀ ਗਿਣਤੀ ਵਧੇਰੇ ਘੱਟ ਜਾਂਦੀ ਹੈ। ਪਲੈਟੇਲੈਟ ਦੀ ਗਿਣਤੀ ਦਾ ਆਮ ਪੱਧਰ 150000 ਯੂਐਲ ਤੋਂ ਲੈ ਕੇ 450000 ਯੂਐਲ ਹੁੰਦਾ ਹੈ ਅਤੇ 100000 ਯੂਐਲ ਤੋਂ ਘੱਟ ਦੀ ਗਿਣਤੀ ਨੂੰ ਖ਼ਤਰਨਾਕ ਸਮਝਿਆ ਜਾਂਦਾ ਹੈ ਅਤੇ ਜੇ ਇਹ ਗਿਣਤੀ 40000 ਤੋਂ ਘੱਟ ਹੋ ਜਾਵੇ ਤਾਂ ਇਸ ਦਾ ਖ਼ਤਰਾ ਹੋਰ ਵੀ ਵੱਧ ਜਾਂਦਾ ਹੈ। ਪਲੈਟੇਲੇਟਾਂ ਦੀ ਗਿਣਤੀ ਘੱਟ ਹੋਣ ਨਾਲ ਖ਼ੂਨ-ਪ੍ਰਦੀਆਂ ਘਟਨਾਵਾਂ ਜਿਵੇਂ ਕਿ ਪਿਸ਼ਾਬ ਵਿਚ ਖ਼ੂਨ, ਫਿਡ ਅਤੇ ਆਂਤੜੀਆਂ ਵਿਚੋਂ ਖ਼ੂਨ ਅਤੇ ਪਖਾਨੇ ਵਿਚ ਖ਼ੂਨ ਆ ਸਕਦਾ ਹੈ। ਔਰਤਾਂ ਵਿਚ ਮਾਹਵਾਰੀ ਦਾ ਬਹਾਵ ਵੱਧ ਸਕਦਾ ਹੈ। ਖ਼ੂਨ ਦੀ ਕਲਾਟਿੰਗ ਲਈ ਪਲੈਟੇਲੈਟਾਂ ਦੀ ਗਿਣਤੀ ਸਹੀ ਹੋਣਾ ਅਤਿ ਜ਼ਰੂਰੀ ਹੈ। ਅਜਿਹੇ ਰੋਗੀਆਂ ਵਿਚ ਖ਼ੂਨ ਦੀ ਪਰਵਿਰਤੀ ਜਾਨਣ ਲਈ ਟੂਰਨੀਕੁਇਟ ਟੈਸਟ ਸਕਾਰਾਤਮਕ ਹੋ ਸਕਦਾ ਹੈ। ਇਸ ਨੂੰ ਜਾਨਣ ਲਈ ਰਕਤਚਾਪ ਦੇ ਕਫ ਦੇ ਸਿਸਟੋਲਿਕ ਅਤੇ ਡਾਇਆਸਟੋਲਿਕ ਰਕਤ-ਚਾਪ ਵਿਚਾਲੇ ਪੰਜ ਮਿੰਟਾਂ ਲਈ ਹਵਾ ਭਰੀ ਜਾਂਦੀ ਹੈ। ਜੇ 2.5 ਵਰਗ ਸੈਂਟੀਮੀਟਰ ਵਿਚ 20 ਰੁਧੀਰਾਂਕ ਜਾਂ ਪਿਟੈਚੀ ਤੋਂ ਵੱਧ ਹੋਣ ਤਾਂ ਪਰੀਖਣ ਸਕਾਰਾਤਮਕ ਸਮਝਿਆ ਜਾਂਦਾ ਹੈ। ਪਲਾਜ਼ਮਾ ਦਾ ਰਿਸਾਓ (ਪਲਾਜ਼ਮਾ ਖ਼ੂਨ ਦੇ ਤਰਲ ਪਦਾਰਥ ਦਾ ਉਹ ਭਾਗ ਹੁੰਦਾ ਹੈ ਜਿਸ ਵਿਚ ਸਫ਼ੈਦ ਅਤੇ ਲਾਲ ਰਕਤਾਣੂੰ ਤਰਦੇ ਹਨ) ਡੀ.ਐਚ.ਜੀ. ਦਾ ਪ੍ਰਮੁੱਖ ਪ੍ਰਮਾਨ ਹੈ। ਇਸ ਨਾਲ ਰੋਗ ਦੀ ਤੀਬਰਤਾ ਦਾ ਗਿਆਨ ਹੁੰਦਾ ਹੈ ਅਤੇ ਡੇਂਗੂ ਬੁਖ਼ਾਰ ਅੰਤਰ ਦਾ ਪਤਾ ਦੱਸਦਾ ਹੈ। ਇਹ ਖ਼ੂਨ ਨਾੜਾਂ ਦੀਆਂ ਦੀਵਾਰਾਂ ਦੀ ਸਹਭਾਗਿਤਾ ਕਾਰਨ ਹੁੰਦਾ ਹੈ ਜਿਸ ਨੂੰ ਐਂਡੋਥੀਲੀਅਮ ਦੁਸ਼ਕਿਰਿਆ ਕਹਿੰਦੇ ਹਨ ਅਤੇ ਇਸ ਨਾਲ ਨਾੜਾਂ ਸੰਬੰਧੀ ਪਾਰਦਰਸ਼ਤਾ ਵੱਧ ਜਾਂਦੀ ਹੈ। ਇਸ ਨਾਲ ਤਰਲ ਪਦਾਰਥ ਪੇਰੀਟੋਨੀਅਲ ਪੇਟ ਦੇ ਖੋਲ ਵਿਚ ਇੱਕਠੇ ਹੋ ਜਾਂਦੇ ਹਨ ਜਿਸ ਨੂੰ ਐਸਾਈਟਸ ਕਹਿੰਦੇ ਹਨ ਜਾਂ ਇਹ ਪਲੂਰਾ ਖਚੋਲ ਵਿਚ ਇੱਕਠੇ ਹੋ ਜਾਂਦੇ ਹਨ ਜਿਸ ਨੂੰ ਪਲੂਰਾ ਰਸਾਓ ਕਿਹਾ ਜਾਂਦਾ ਹੈ। ਇਸ ਨਾਲ ਦੌਰੇ ਅੰਦਰ ਤਰਲ ਪਦਾਰਥਾਂ ਦੀ ਘਾਟ ਹੈ ਅਤੇ ਮਹੱਤਵਪੂਰਨ ਅੰਗਾਂ ਨੂੰ ਖ਼ੂਨ ਦਾ ਦੌਰਾ ਘੱਟ ਜਾਂਦਾ ਹੈ। ਡੇਂਗੂ ਬੁਖ਼ਾਰ ਦੇ ਕਈ ਹੋਰ ਲੱਛਣਾਂ ਤੋਂ ਇਲਾਵਾ ਇਸ ਰੋਗ ਵਿਚ ਤਾਪਮਾਨ ਅੰਦਰ ਅਚਾਨਕ ਵਾਧਾ ਹੁੰਦਾ ਹੈ।


**ਸਦਮਾ ਸਿਨਡਰੋਮ** - ਇਹ ਰੋਗ ਦਾ ਅੰਤਲਾ ਪੜਾਅ ਹੁੰਦਾ ਹੈ। ਇਸ ਵਿਚ ਰਕਤਚਾਪ ਘੱਟਣ ਨਾਲ ਖ਼ੂਨ ਦਾ ਦੌਰਾ ਵਧੇਰੇ ਘਟਦਾ ਹੈ। ਰੋਗੀ ਸਦਮੇ ਦੇ ਸਿਨਡਰੋਮ ਵਿਚ ਚਲਾ ਜਾਂਦਾ ਹੈ ਜਿਸ ਨਾਲ ਪੇਟ ਵਿਚ ਤੇਜ਼ ਦਰਦ, ਲਗਾਤਾਰ ਉਲਟੀ, ਵਧੇਰੇ ਬੇਚੈਨੀ ਹੁੰਦੀ ਹੈ। ਤਾਪਮਾਨ ਸਾਧਾਰਨ ਪੱਧਰ ਤੋਂ ਅਚਾਨਕ ਹੇਠਾਂ ਆ ਜਾਂਦਾ ਹੈ ਅਤੇ ਰੋਗੀ ਨੂੰ ਪਸੀਨਾ ਆਉਂਦਾ ਹੈ। ਇਹ ਡੇਂਗੂ ਵਿਚ ਸਦਮਾ ਸਿਨਡਰੋਮ ਦੇ ਚੇਤਾਵਨੀ ਦੇਣ ਵਾਲੇ ਪ੍ਰਮੁੱਖ ਸੰਕੇਤ ਹੁੰਦੇ ਹਨ। ਜੇ ਕਿਸੇ ਵਧੀਆ ਸਾਜ-ਸਮਾਨ ਨਾਲ ਲੈਸ ਵਧੀਆ ਹਸਪਤਾਲ ਦੇ ਗਹਿਨ ਦੇਖਭਾਲ ਯੂਨਿਟ ਵਿਚ ਇਸ ਦਾ ਇਲਾਜ ਸਹੀ ਸਮੇਂ 'ਤੇ ਕਰਵਾਇਆ ਜਾਵੇ ਤਾਂ ਰੋਗੀ ਦੀ ਜਾਨ ਬਚ ਸਕਦੀ ਹੈ। ਇਸ ਲਈ ਇਸ ਵਿਚ ਸਾਵਧਾਨੀ ਦੀ ਲੋੜ ਹੁੰਦੀ ਹੈ।

**ਟੈਸਟ** - ਲਿਊਕੋਸਾਈਟ, (ਲਿਊਕੋਪਿਨੀਆ) ਨਿਊਟਰੋਫਿਲਜ਼ (ਨਿਊਟਰੋਪਿਨੀਆ) ਅਤੇ ਪਲੈਟਲੈਟ ਦੀ ਗਿਣਤੀ (ਥਰਾਬੋਸਾਈਟੋਪਿਨੀਆ) ਘੱਟ ਜਾਂਦੀ ਹੈ। ਇਸ ਦੀ ਸ਼ਨਾਖਤ ਦੀ ਪੁਸ਼ਟੀ ਆਈ.ਜੀ.ਐਮ. ਰੋਗ ਨਾਸ਼ਕ ਨਾਲ ਹੁੰਦੀ ਹੈ ਅਤੇ ਇਸ ਦਾ ਵਧਦਾ ਹੋਇਆ ਟਾਈਟਰੇ ਖ਼ਾਸ ਨਾਲੋਂ ਵੱਧ ਅਤੇ ਸੰਵੇਦਨਸ਼ੀਲ ਹੁੰਦਾ ਹੈ। ਅਲਟਰਾ ਸੋਨੋਗਰਾਫ਼ੀ ਨਾਲ ਪਲੂਰਲ ਖੋਲ ਦੇ ਤਰਲ ਪਦਾਰਥ ਦੀ ਸ਼ਨਾਖਤ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਪੈਰੀਟੋਨੀਅਲ ਖੋਲ ਵਿਚ (ਅਸਾਈਟਸ) ਤਰਲ ਪਦਾਰਥ ਨੂੰ ਖੋਜਿਆ ਜਾ ਸਕਦਾ ਹੈ।

**ਡੇਂਗੂ ਦਾ ਪ੍ਰਬੰਧ ਕਰਨਾ** - ਰੋਗੀ ਦੇ ਬੁਖ਼ਾਰ ਦਾ ਘਰ ਬੈਠ ਕੇ ਵੀ ਇਲਾਜ ਕੀਤਾ ਜਾ ਸਕਦਾ ਹੈ ਜੇ ਉਲਟੀਆਂ ਆਦਿ ਆਉਣ ਨਾਲ ਖ਼ੂਨ ਅਤੇ ਤਰਲ ਪਦਾਰਥਾਂ ਦੀ ਘਾਟ ਨਹੀਂ ਹੋ ਰਹੀ ਹੈ। ਬੁਖ਼ਾਰ ਅਤੇ ਦਰਦਾਂ ਲਈ ਪੈਰਾਸਿਟਾਮੋਲ ਦਿੱਤੀ ਜਾ ਸਕਦੀ ਹੈ ਪਰ ਅਸਪਰੀਨ ਅਤੇ ਨਾਨ ਸਟੀਰਾਇਡ ਵਿਰੋਧੀ-ਸੋਜਾ ਦੇਣ ਵਾਲੀਆਂ ਦਵਾਈਆਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਨ੍ਹਾਂ ਨਾਲ ਖ਼ੂਨ ਰਿਸਾਓ ਦਾ ਭੈ ਬਣਿਆ ਰਹਿੰਦਾ ਹੈ। ਰੋਗੀਆਂ ਨੂੰ ਵਧੇਰੇ ਅਰਾਮ ਕਰਨਾ ਚਾਹੀਦਾ ਹੈ ਅਤੇ ਤਰਲ ਪਦਾਰਥਾਂ ਜਿਵੇਂ ਸੂਪ, ਜੂਸ ਆਦਿ ਨੂੰ ਜ਼ਿਆਦਾ ਪੀਣਾ ਚਾਹੀਦਾ ਹੈ। ਘਰ ਵਿਚ ਇਲਾਜ ਕਰਨ ਵੇਲੇ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਪੇਟ ਵਿਚ ਲਗਾਤਾਰ ਦਰਦ, ਉਲਟੀਆਂ, ਖ਼ੂਨ ਰਸਾਓ, ਬੁਖ਼ਾਰ, ਤਾਪਮਾਨ ਵਿਚ ਅਚਾਨਕ ਗਿਰਾਵਟ ਅਤੇ ਰਕਤਚਾਪ ਨਾਲ ਕਿਸੇ ਸਦਮੇ ਦੇ ਸੰਕੇਤ ਨਜ਼ਰ ਨਹੀਂ ਆਉਣੇ ਚਾਹੀਦੇ। ਅਜਿਹੀ ਸਥਿਤੀ ਵਿਚ ਰੋਗੀ ਨੂੰ ਗਹਨ ਦੇਖਰੇਖ ਨਾਲ ਲੈਸ ਸੁਵਿਧਾਵਾਂ ਵਾਲੇ ਹਸਪਤਾਲ ਵਿਚ ਦਾਖਲ ਕਰਵਾਉਣਾ ਚਾਹੀਦਾ ਹੈ। ਹਸਪਤਾਲ ਵਿਚ ਵੱਖ-ਵੱਖ ਤਰ੍ਹਾਂ ਦੇ ਅੰਤਰਨਸੀ ਤਰਲ ਪਦਾਰਥ ਅਤੇ ਆਕਸੀਜਨ ਦਿੱਤੀ ਜਾਂਦੀ ਹੈ ਜਿਸ ਨਾਲ ਰਕਤ ਚਾਪ ਅਤੇ ਤਰਲ ਪਦਾਰਥਾਂ ਦੀ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਪਲੈਟੇਲੇਟ ਦੀ ਗਿਣਤੀ ਪਹਿਲਾਂ ਵੀ ਇਹ ਦੱਸਿਆ ਗਿਆ ਹੈ ਕਿ 40,000 ਯੂ.ਐਲ ਪਲੈਟੇਲੈਟ ਦੀ ਸੰਖਿਆ ਨੂੰ ਸੁਰੱਖਿਅਤ ਸਮਝਿਆ ਜਾਂਦਾ ਹੈ। ਜੇ ਵਾਰ-ਵਾਰ ਖ਼ੂਨ ਦਾ ਰਿਸਾਓ ਹੁੰਦਾ ਹੋਵੇ ਅਤੇ ਪਲੈਟਲੈਟ ਦੀ ਗਿਣਤੀ 20,000 ਮਿਊ ਐਲ ਤੋਂ ਘੱਟ ਹੋਵੇ ਤਾਂ ਰੋਗੀ ਨੂੰ ਬਚਾਉਣ ਲਈ ਪਲੈਟੇਲੈਟ ਨਾਲ ਭਰਪੂਰ ਪਲਾਜ਼ਮਾ ਦਿੱਤਾ ਜਾਂਦਾ ਹੈ। ਇਸ ਵਿਚ ਕਈ ਯੂਨਿਟ ਦੇਣ ਦੀ ਲੋੜ ਪੈਂਦੀ ਹੈ। ਕਈ ਵਿਸ਼ੇਸ਼ ਰੋਗੀਆਂ ਨੂੰ ਤਾਜ਼ਾ ਖ਼ੂਨ ਵੀ ਚੜ੍ਹਾਇਆ ਜਾਂਦਾ ਹੈ। ਇਸ ਦੇ ਨਾਲ-ਨਾਲ ਤਾਜ਼ਾ ਜੰਮਿਆ ਹੋਇਆ ਖ਼ੂਨ ਚੜ੍ਹਾਉਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਇਹ ਉਹ ਪਲਾਜ਼ਮਾ ਹੁੰਦਾ ਹੈ ਜਿਸ ਵਿਚ ਪਲੈਟੇਲੈਟ ਨਹੀਂ ਹੁੰਦੇ। ਇਸ ਨਾਲ ਖ਼ੂਨ ਦੇ ਪ੍ਰਵਾਹ ਨੂੰ ਰੋਕਣ ਵਿਚ ਸਹਾਇਤਾ ਮਿਲਦੀ ਹੈ ਕਿਉਂਕਿ ਇਸ ਵਿਚ ਖ਼ੂਨ ਪ੍ਰਵਾਹ ਨੂੰ ਰੋਕਣ ਦੇ ਕਈ ਕਾਰਨ ਹੁੰਦੇ ਹਨ। ਕਈ ਰੋਗੀਆਂ ਵਿਚ ਪਲੈਟੇਲੈਟ ਸੰਚਾਰਨ ਦੀ ਲੋੜ ਵੀ ਪੈ ਸਕਦੀ ਹੈ ਪਰ ਇਹ ਇਲਾਜ ਮਹਿੰਗਾ ਹੈ। ਇਸ ਤਰ੍ਹਾਂ ਇਕੱਲੇ ਮਨੁੱਖ ਵਲੋਂ ਦਾਨ ਕੀਤੇ ਪਲੈਟਲੈਟ ਦਾ ਸੰਚਾਰਨ ਵੀ ਹੋ ਸਕਦਾ ਹੈ। ਅਜਿਹੇ ਕੇਸ ਵਿਚ ਦਾਨੀ ਦੇ ਪਲੈਟੇਲੈਂਟ ਨੂੰ ਵੱਖਰਾ ਕਰਨ ਤੋਂ ਬਾਅਦ ਰੋਗੀ ਨੂੰ ਇਸਦਾ ਸੰਚਾਰਨ ਕੀਤਾ ਜਾਂਦਾ ਹੈ।

> ***ਚਿਕਨਗੁਨੀਆ - ਇਸ ਦੇ ਲੱਛਣ ਵੀ ਡੇਂਗੂ ਬੁਖ਼ਾਰ ਵਾਂਗ ਹੀ ਹੁੰਦੇ ਹਨ ਪਰ ਇਸ ਵਿਚ ਡੇਂਗੂ ਵਾਂਗ ਖ਼ੂਨ ਦਾ ਰਿਸਾਓ ਜਾਂ ਸਦਮੇ ਦਾ ਸਿੰਡਰੋਮ ਨਹੀਂ ਹੁੰਦਾ ਪਰ ਫਿਰ ਵੀ ਇਸ ਦੇ ਡੇਂਗੂ ਬੁਖ਼ਾਰ ਤੋਂ ਵਖਰੇਵੇਂ ਲਈ ਆਈ.ਜੀ.ਐੱਮ. ਪ੍ਰੀਖਣ ਕਰਾਵਉਣ ਦੀ ਲੋੜ ਹੁੰਦੀ ਹੈ...***

**ਰੋਕਥਾਮ** - ਡੇਂਗੂ ਸੰਚਾਰਨ ਕਰਨ ਵਾਲੇ ਮੱਛਰ ਮਨੁੱਖਾਂ ਦੇ ਆਲੇ ਦੁਆਲੇ ਰਹਿੰਦੇ ਹਨ। ਇਹ ਪਾਣੀ ਭੰਡਾਰਨ ਵਾਲੇ ਬਰਤਨਾਂ, ਫੁਲ ਵਾਲੇ ਗਮਲਿਆਂ, ਪੁਰਾਣੇ ਡਰਮ ਆਦਿ ਵਿਚ ਪਨਪਦੇ ਹਨ ਜਿਹੜੇ ਮਨੁੱਖੀ ਨਿਵਾਸਾਂ ਦੇ ਨੇੜੇ ਰੱਖੇ ਹੁੰਦੇ ਹਨ। ਇਹ ਮੱਛਰ ਸਵੇਰ ਵੇਲੇ ਕੱਟਦੇ ਹਨ। ਇਸ ਦੀ ਰੋਕਥਾਮ ਲਈ ਕੁਝ ਨਿਰਦੇਸ਼ ਦਿੱਤੇ ਜਾਂਦੇ ਹਨ। ਆਪਣੇ ਘਰ ਦੇ ਆਲੇ-ਦੁਆਲੇ ਮੱਛਰਾਂ ਨੂੰ ਪਨਪਨ ਵਾਲੀਆਂ ਥਾਂਵਾਂ ਦਾ ਨਾਸ਼ ਕਰੋ। ਉਨ੍ਹਾਂ ਵਸਤੂਆਂ ਨੂੰ ਸੁੱਟ ਦਿਉ ਜਿਨ੍ਹਾਂ ਵਿਚ ਮੀਂਹ ਦਾ ਪਾਣੀ ਇਕੱਠਾ ਹੁੰਦਾ ਹੈ। ਕੂਲਰਾ ਦਾ ਪਾਣੀ ਨਿਯਮਿਤ ਰੂਪ ਨਾਲ ਬਦਲਦੇ ਰਹੋ। ਇਸੇ ਤਰ੍ਹਾਂ ਬਾਹਰ ਰੱਖੇ ਬਰਤਨਾਂ ਵਿਚ ਪੰਛੀਆਂ, ਪਾਲਤੂ ਪਸ਼ੂਆਂ ਅਤੇ ਜਾਨਵਰਾਂ ਲਈ ਇੱਕਠੇ ਹੋਏ ਪਾਣੀ ਨੂੰ ਬਦਲਦੇ ਰਹਿਣਾ ਚਾਹੀਦਾ ਹੈ।



# ਛਾਤੀ ਦਾ ਕੈਂਸਰ



ਡਾ. ਰੁਚੀ ਭਾਰਗਵ
93572-52393

ਚੇਤਾਵਨੀ ਚਿੰਨ੍ਹ - ਛਾਤੀ ਦੇ ਕੈਂਸਰ ਦੇ ਸਫ਼ਲ ਇਲਾਜ ਲਈ ਜ਼ਰੂਰੀ ਹੈ ਇਸ ਦਾ ਸ਼ੁਰੂ ਵਿਚ ਪਤਾ ਲਗਾਉਣਾ। ਹੇਠ ਲਿਖੇ ਲੱਛਣਾ ਵਿੱਚੋਂ ਜੇ ਤੁਹਾਨੂੰ ਕਿਸੇ ਦਾ ਵੀ ਸ਼ੱਕ ਪਵੇ ਤਾਂ ਜ਼ਰੂਰੀ ਹੈ ਕਿ ਤੁਸੀ ਕੈਂਸਰ ਦੇ ਮਾਹਿਰ ਡਾਕਟਰ ਨੂੰ ਮਿਲੋ

- ਛਾਤੀ ਦੇ ਕਿਸੇ ਇਕ ਹਿੱਸੇ ਦਾ ਅੰਦਰ ਨੂੰ ਧੱਸ ਜਾਣਾ।
- ਨਿੱਪਲ ਵਿੱਚੋਂ ਖ਼ੂਨ ਦੇ ਰੰਗ ਦੇ ਪਾਣੀ ਦਾ ਨਿਕਲਣਾ।
- ਤੁਹਾਡੀ ਕਿਸੇ ਇਕ ਛਾਤੀ ਦੇ ਆਕਾਰ ਅਤੇ ਸ਼ਕਲ ਵਿਚ ਤਬਦੀਲੀ।

**ਜਲਦ ਪਤਾ ਲਗਾਉਣਾ**

ਛਾਤੀਆਂ ਦੇ ਕੈਂਸਰ ਨੂੰ ਸ਼ੁਰੂ ਵਿਚ ਹੀ ਪਤਾ ਲਗਾਉਣ ਲਈ ਡਾਕਟਰੀ ਮੁਆਇਨਾ, ਮੈਮੋਗ੍ਰਾਫੀ ਅਤੇ ਛਾਤੀ ਦਾ ਖ਼ੁਦ ਨਿਰੀਖਣ ਬਹੁਤ ਜ਼ਰੂਰੀ ਹੈ।

**ਜਾਂਚ** - ਸਾਲ ਵਿਚ ਇਕ ਵਾਰ ਤੁਹਾਡੀ ਛਾਤੀ ਦਾ ਕੈਂਸਰ ਦੇ ਮਾਹਿਰ ਡਾਕਟਰ ਦੁਆਰਾ ਮੁਆਇਨਾ ਲਾਜ਼ਮੀ ਹੈ। 20 ਸਾਲ ਦੀ ਉਮਰ ਤੋਂ ਸ਼ੁਰੂ ਹੋ ਕੇ 1-3 ਸਾਲ ਦੇ ਵਕਫ਼ੇ ਤੇ ਛਾਤੀ ਦਾ ਡਾਕਟਰੀ ਨਿਰੀਖਣ ਜ਼ਰੂਰੀ ਹੈ। 40 ਸਾਲ ਤੋਂ ਬਾਅਦ ਇਹ ਨਿਰੀਖਣ 2 ਸਾਲ ਵਿਚ ਇਕ ਵਾਰ ਜ਼ਰੂਰੀ ਹੈ।

**ਮੈਮੋਗ੍ਰਾਫ਼ੀ** - ਛਾਤੀ ਦਾ ਇਕ ਪ੍ਰਕਾਰ ਦਾ ਐਕਸ-ਰੇ ਹੈ। ਇਸ ਰਾਹੀਂ ਉਨ੍ਹਾਂ ਗਿਲਟੀਆਂ ਦਾ ਪਤਾ ਲੱਗ ਜਾਂਦਾ ਹੈ ਜੋ ਮਹਿਸੂਸ ਨਹੀਂ ਕੀਤੀਆਂ ਜਾ ਸਕਦੀਆਂ। ਤੁਹਾਡਾ ਪਹਿਲਾ ਮੈਮੋਗ੍ਰਾਫ਼ 40 ਸਾਲ ਦੀ ਉਮਰ ਵਿਚ ਹੋਣਾ ਜ਼ਰੂਰੀ ਹੈ। ਅਤੇ ਉਸ ਤੋਂ ਬਾਅਦ ਸਾਲ ਵਿਚ ਇਕ ਵਾਰ।

**ਬਾਇਆਪਸੀ** - ਇਹ ਜਾਨਣ ਲਈ ਕਿ ਰਸੌਲੀ ਜੜ੍ਹ ਵਾਲੀ ਹੈ, ਬਾਇਆਪਸੀ ਬੇਹੱਦ ਜ਼ਰੂਰੀ ਹੈ। ਛਾਤੀ ਦੀ ਬਾਇਆਪਸੀ ਹੇਠ ਲਿਖੀਆਂ ਵਿਧੀਆਂ ਨਾਲ ਕੀਤੀ ਜਾਂਦੀ ਹੈ।

* ਇਕ ਬਾਰੀਕ ਸੂਈ ਨਾਲ ਗਿਲਟੀ ਦਾ ਪਾਣੀ ਜਾਂ ਕੋਸ਼ਿਕਾਵਾਂ ਨੂੰ ਲੈ ਕੇ ਦੂਰਬੀਨ ਹੇਠ ਜਾਂਚ।

**ਛਾਤੀ ਦੀ ਜਾਂਚ** - ਹਰ ਮਹੀਨੇ ਆਪਣੇ-ਆਪ ਛਾਤੀਆਂ ਦੀ ਜਾਂਚ ਨਾਲ ਸਾਨੂੰ ਪਤਾ ਲੱਗਦਾ ਹੈ ਕਿ ਸਾਡੀ ਛਾਤੀ ਦੀ ਬਨਾਵਟ ਕਿਸ ਤਰ੍ਹਾਂ ਦੀ ਹੈ। ਇਸ ਨਾਲ ਛਾਤੀ ਵਿਚ ਜਦੋਂ ਕੋਈ ਵੀ ਤਬਦੀਲੀ ਆਉਂਦੀ ਹੈ ਤਾਂ ਉਸ ਦਾ ਬਹੁਤ ਜਲਦੀ ਪਤਾ ਚਲ ਜਾਂਦਾ ਹੈ। ਛਾਤੀ ਦਾ ਨਿਰੀਖਣ ਕਰਨ ਦਾ ਸਭ ਤੋਂ ਵਧੀਆ ਸਮਾਂ ਮਹਾਵਾਰੀ ਖ਼ਤਮ ਹੋਣ ਤੋਂ 2-3 ਦਿਨ ਬਾਅਦ ਹੈ। ਜੇ ਤੁਹਾਡੀ ਮਹਾਵਾਰੀ ਨਿਯਿਤ ਨਹੀਂ ਹੈ ਜਾਂ ਬੰਦ ਹੋ ਚੁੱਕੀ ਹੈ ਤਾਂ ਹਰ ਮਹੀਨੇ ਦਾ ਕੋਈ ਵੀ ਦਿਨ ਚੁਣ ਲਓ ਜਿਸ ਤਰ੍ਹਾਂ ਕਿ ਮਹੀਨੇ ਦਾ ਪਹਿਲਾਂ ਜਾਂ ਦਸਵਾਂ ਦਿਨ, ਤੇ ਹਰ ਮਹੀਨੇ ਉਸੀ ਦਿਨ ਨੂੰ ਨਿਰੀਖਣ ਕਰੋ। ਹੱਥ ਦੀਆਂ ਉਂਗਲਾਂ ਦੇ ਨਾਲ ਉਪਰ ਦੱਸੇ ਗਏ ਚੇਤਾਵਨੀ ਚਿੰਨ ਦੇਖਣ ਕੋਸ਼ਿਸ਼ ਕਰੋ। 80ਫ਼ੀਸੀਦੀ ਸਤਨ ਕੈਂਸਰ ਆਪਣੇ ਆਪ ਜਾਂਚ ਨਾਲ ਪਤਾ ਲੱਗ ਸਕਦੇ ਹਨ।

### ਛਾਤੀ ਦੇ ਸਾਰੇ ਕੈਂਸਰ ਇਕੋ ਜਿਹੇ ਨਹੀਂ ਹੁੰਦੇ

**ਅਵਸਥਾਵਾਂ** - ਰਸੌਲੀ ਦੇ ਫੈਲਣ ਦੇ ਆਧਾਰ 'ਤੇ ਅਸੀਂ ਛਾਤੀ ਦੇ ਕੈਂਸਰ ਨੂੰ ਇਕ ਤੋਂ ਚਾਰ ਅਵਸਥਾਵਾਂ ਵਿਚ ਵੰਡਦੇ ਹਾਂ। ਪਹਿਲੀ ਅਤੇ ਦੂਸਰੀ ਅਵਸਥਾ ਵਿਚ ਆਮ ਤੌਰ 'ਤੇ ਕੈਂਸਰ ਛਾਤੀ ਤਕ ਹੀ ਸੀਮਿਤ ਹੁੰਦਾ ਹੈ। ਤਸੀਰੀ ਅਵਸਥਾ ਵਿਚ ਰਸੌਲਾ ਦਾ ਜ਼ਖ਼ਮ ਬਣ ਜਾਂਦਾ ਹੈ ਜਾਂ ਆਕਾਰ ਵਿਚ ਬਹੁਤ ਵਾਧਾ ਹੁੰਦਾ ਹੋ ਚੁੱਕਾ ਹੁੰਦਾ ਹੈ ਅਤੇ ਅਕਸਰ ਬਗ਼ਲ ਵਿਚ ਫੈਲ ਚੁੱਕਾ ਹੁੰਦਾ ਹੈ। ਚੌਥੀ ਅਵਸਥਾ ਵਿਚ ਕੈਂਸਰ ਸਰੀਰ ਦੇ ਦੂਸਰੇ ਅੰਗਾਂ, ਜਿਵੇਂ ਜਿਗਰ, ਫ਼ੇਫੜੇ, ਹੱਡੀਆਂ, ਦਿਮਾਗ਼ ਆਦਿ ਤਕ ਫੈਲ ਜਾਂਦਾ ਹੈ ਅਤੇ ਇਸ ਅਵਸਥਾ ਵਿਚ ਪੂਰੀ ਤਰ੍ਹਾਂ ਠੀਕ ਨਹੀਂ ਹੋ ਸਕਦਾ, ਫਿਰ ਵੀ ਮਰੀਜ਼ ਦੀ ਤਕਲੀਫ਼ ਨੂੰ ਘਟਾਇਆ ਜਾ ਸਕਦਾ ਹੈ। ਇਸ ਲਈ ਕਦੇ ਵੀ ਦੋ ਕੈਂਸਰ ਇਕੋ ਜਿਹੇ ਨਹੀਂ ਹੁੰਦੇ। ਇਸੇ ਤਰ੍ਹਾਂ ਉਨ੍ਹਾਂ ਦਾ ਇਲਾਜ ਅਤੇ ਠੀਕ ਹੋਣ ਦੀ ਸੰਭਾਵਨਾ ਵੀ ਅਲੱਗ ਹੋ ਸਕਦੀ ਹੈ।

### ਕੈਂਸਰ ਦੇ ਕਾਰਕ

- ਮਾਹਾਵਾਰੀ ਦਾ 12 ਸਾਲ ਤੋਂ ਪਹਿਲਾਂ ਸ਼ੁਰੂ ਹੋਣਾ।
- ਮਾਹਾਵਾਰੀ ਦਾ 55 ਸਾਲ ਤੋਂ ਬਾਅਦ ਹੰਦ ਹੋਣਾ।
- ਗਰਭ ਧਾਰਣ ਨਾ ਹੋਣਾ ਜਾਂ ਪਹਿਲਾ ਗਰਭ 35 ਸਾਲ ਤੋਂ ਬਾਅਦ ਹੋਣਾ।
- ਮੋਟਾਪਾ
- ਛਾਤੀ ਦੇ ਕੈਂਸਰ ਦਾ ਪਾਰਿਵਾਰਿਕ ਪਿਛੋਕੜ।
- ਹਾਰਮੋਨਜ਼ ਦੀ ਵਧੇਰੇ ਵਰਤੋਂ।

**ਇਲਾਜ** - ਕੈਂਸਰ ਦੀ ਅਵਸਥਾ ਜਾਨਣ ਤੋਂ ਬਾਅਦ ਕੈਂਸਰ ਦਾ ਮਾਹਿਰ, ਇਸ ਦੇ ਇਲਾਜ ਬਾਰੇ ਵਿਚਾਰਦਾ ਹੈ। ਛਾਤੀ ਦੇ ਕੈਂਸਰ ਦੇ ਇਲਾਜ ਦਾ ਪਹਿਲਾ ਮਕਸਦ ਕੈਂਸਰ ਨੂੰ ਪੂਰੀ ਤਰ੍ਹਾਂ ਠੀਕ ਕਰਨਾ ਅਤੇ ਦੂਸਰਾ ਤਕਲੀਫ਼ ਨੂੰ ਘੱਟ ਕਰਨਾ।

**ਆਪਰੇਸ਼ਨ** - ਕੈਂਸਰ ਨੂੰ ਜੜ੍ਹੋਂ ਖ਼ਤਮ ਕਰਨ ਵਾਸਤੇ ਸਫ਼ਲ ਆਪਰੇਸ਼ਨ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਇਹ ਆਪਰੇਸ਼ਨ ਕੈਂਸਰ ਸਰਜਨ ਕੋਲੋ ਹੀ ਕਰਵਾਉਣਾ ਚਾਹੀਦਾ ਹੈ। ਇਹਦੇ ਵਿਚ ਕਈ ਵਾਰ ਪੂਰੀ ਛਾਤੀ ਅਤੇ ਕਈ ਵਾਰੀ ਛਾਤੀ ਦਾ ਕੁੱਝ ਹਿੱਸਾ ਹੀ ਕੱਟਣਾ ਪੈਂਦਾ ਹੈ।

**ਰੇਡੀਓਥਰੈਪੀ** - ਆਪਰੇਸ਼ਨ ਤੋਂ ਬਾਅਦ ਜਿਸ ਦੀ ਛਾਤੀ ਦਾ ਕੁਝ ਹਿੱਸਾ ਹੀ ਕੱਟਿਆ ਹੋਵੇ ਉਸ ਨੂੰ ਰੇਡੀਓਥਰੈਪੀ ਜ਼ਰੂਰੀ ਕਰਵਾਉਣੀ ਪੈਂਦੀ ਹੈ। ਜਿਸ ਦੀ ਸਾਰੀ ਛਾਤੀ ਕੱਟੀ ਹੋਵੇ ਉਸ ਨੂੰ ਵੀ ਕਈ ਵਾਰ ਰੇਡੀਓਥਰੈਪੀ ਦੀ ਜ਼ਰੂਰਤ ਪੈ ਸਕਦੀ ਹੈ।

**ਕੀਮੋਥਰੈਪੀ** - ਇਹ ਕੈਂਸਰ ਕੋਸ਼ਿਕਾਵਾਂ ਨੂੰ ਖ਼ਤਮ ਕਰਨ ਲਈ ਵਰਤੀ ਜਾਂਦੀ ਹੈ ਜ਼ਿਆਦਾਤਰ ਇਹ ਆਪਰੇਸ਼ਨ ਤੋਂ ਬਾਅਦ ਦਿੱਤੀ ਜਾਂਦੀ ਹੈ ਪਰ ਜ਼ਿਆਦਾ ਫੈਲੇ- ਹੋਏ ਕੈਂਸਰ ਵਿਚ ਇਹ ਰਸੌਲੀ ਦਾ ਫੈਲਾਵ ਘਟਾਉਣ ਵਾਸਤੇ ਆਪਰੇਸ਼ਨ ਤੋਂ ਪਹਿਲਾਂ ਵੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿਚ ਕੋਈ ਤਕਲੀਫ਼ ਜਾਂ ਦਰਦ ਨਹੀਂ ਹੁੰਦੀ। ਇਸ ਦੇ ਕੁਝ ਹੁਰੇ ਅਸਰ ਜ਼ਰੂਰ ਹੁੰਦੇ ਹਨ, ਜਿੰਨ੍ਹਾਂ ਨੂੰ ਦਵਾਈ ਨਾਲ ਆਸਾਨੀ ਨਾਲ ਕਾਬੂ ਕੀਤਾ ਜਾ ਸਕਦਾ ਹੈ।

**ਹਾਰਮੋਨਜ਼ ਥੈਰੇਪੀ**- ਇਹ ਕਿਮੋਥਰੈਪੀ ਤੋਂ ਬਾਅਦ ਸ਼ੁਰੂ ਕਰ ਲੰਬੇ ਸਮੇਂ ਲਈ ਚਲਦੀ ਹੈ। ਇਸ ਦੇ ਨਾ ਬਰਾਬਰ ਬੁਰੇ ਅਸਰ ਹੁੰਦੇ ਹਨ।

### ਬਚਾਅ

- ਛਾਤੀਆਂ ਦੇ ਕੈਂਸਰ ਦਾ ਪਰਿਵਾਰਕ ਪਿਛੋਕੜ ਹੋਵੇ ਤਾਂ ਸਮੇਂ ਸਮੇਂ ਡਾਕਟਰੀ ਜਾਂਚ ਕਰਵਾਓ।
- ਡਾਕਟਰੀ ਸਲਾਹ ਤੇ 40 ਸਾਲ ਦੀ ਉਮਰ ਤੋਂ ਸ਼ੁਰੂ ਹੋ ਕੇ ਮੈਮੋਗ੍ਰਾਫ਼ੀ ਕਰਾਓ।
- ਹਾਰਮੋਨਜ਼ ਜ਼ਰੂਰਤ ਤੋਂ ਵੱਧ ਨਾ ਖਾਓ।
- ਆਪਣੀ ਛਾਤੀ ਦੀ ਜਾਂਚ ਆਪ ਹੀ ਕਰਦੇ ਰਹੋ।
- ਸਲਾਨਾ ਡਾਕਟਰੀ ਜਾਂਚ ਕਰਵਾਓ।
- ਭਾਰਾ ਖਾਣਾ ਨਾ ਖਾਓ ਅਤੇ ਭਾਰ ਨਾ ਵਧਣ ਦਿਓ।

### ਛਾਤੀ ਦੇ ਕੈਂਸਰ ਬਾਰੇ ਸੱਚ

- ਇਹ ਛੂਤ-ਛਾਤ ਦੀ ਬਿਮਾਰੀ ਨਹੀਂ ਹੈ।
- ਇਹ ਜ਼ਿਆਦਾਤਰ ਦਰਦ ਰਹਿਤ ਹੁੰਦੇ ਹਨ।
- ਜਲਦੀ ਪਤਾ ਲੱਗਣ 'ਤੇ ਇਹ ਠੀਕ ਹੋ ਸਕਦਾ ਹੈ।
- ਛਾਤੀ ਨੂੰ ਬਚਾ ਕੇ ਵੀ ਇਸ ਦੀ ਰਸੌਲੀ ਕੱਢੀ ਜਾ ਸਕਦੀ ਹੈ।
- ਕਈ ਵਾਰ ਇਹ ਪਾਰਿਵਾਰਿਕ ਹੋ ਸਕਦੇ ਹਨ, ਪਰ ਜ਼ਿਆਦਾਤਰ ਨਹੀਂ।

> ***ਜੇ ਤੁਹਾਨੂੰ ਵੀ ਕੋਈ ਇਸ ਤਰ੍ਹਾਂ ਦਾ ਲੱਛਣ ਦਿਖਾਈ ਦਿੰਦਾ ਹੈ ਤਾਂ ਇਸ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ। ਸਮੇਂ ਸਿਰ ਹੀ ਟੈਸਟ ਕਰਵਾਉਣੇ ਤੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ...***

### ਆਪਰੇਸ਼ਨ ਤੋਂ ਬਾਅਦ ਚੈਕਅੱਪ

- ਪਹਿਲੇ ਦੋ ਸਾਲ ਤਾਂ ਹਰ 3 ਮਹਿਨੇ ਬਾਅਦ।
- ਅਗਲੇ 3 ਸਾਲ ਤਕ ਹਰ 6 ਮਹੀਨੇ ਬਾਅਦ।

### ਸਾਵਧਾਨੀਆਂ

- ਆਪਰੇਸ਼ਨ ਵਾਲੀ ਚਮੜੀ ਨੂੰ ਕਰੀਮ ਆਦਿ ਲਾ ਕੇ ਨਾ ਰੱਖੋ.
- ਜ਼ਖ਼ਮ ਹੋਣ 'ਤੇ ਜਲਦ ਇਲਾਜ ਕਰਵਾਓ।
- ਕੋਈ ਸੂਈ, ਟੀਕਾ ਆਪਰੇਸ਼ਨ ਵਾਲੇ ਪੇਸੇ ਦੀ ਬਾਂਹ 'ਤੇ ਨਾ ਲਗਾਓ।
- ਆਪਰੇਸ਼ਨ ਵਾਲੇ ਹਿੱਸੇ ਦੀ ਬਾਂਹ ਤੇ ਬਲੱਡ-ਪ੍ਰੈਸ਼ਰ ਨਾ ਚੈੱਕ ਕਰਵਾਓ।
- ਆਪਰੇਸ਼ਨ ਵਾਲੇ ਮੋਡੇ ਤੇ ਭਾਰੀ ਬੈਗ ਆਦਿ ਨਾ ਲਟਕਾਓ।
- ਤੰਗ ਕੱਪੜੇ ਨਾ ਪਾਓ।
- ਨਹਾਉਣ ਸਮੇਂ ਗਰਮ ਪਾਣੀ ਦੀ ਵਰਤੋਂ ਨਾ ਕਰੋ।

# ਪਾਚਨਤੰਤਰ ਦਾ ਵਿਗਾੜ ਕਬਜ਼

ਡਾ. ਹਰਿੰਦਰਪਾਲ ਸਿੰਘ



ਕਬਜ਼ ਅੱਜ ਦੀ ਆਧੁਨਿਕ ਸੱਭਿਅਤਾ , ਜੀਵਨਸ਼ੈਲੀ ਅਤੇ ਅਨਿਯਮਿਤਤਾ ਦੀ ਦੇਣ ਹੈ। ਵੈਸੇ ਕਬਜ਼ ਕੋਈ ਬਿਮਾਰੀ ਨਹੀਂ ਇਹ ਸਾਡੇ ਪਾਚਨਤੰਤਰ ਦਾ ਹੀ ਇਕ ਵਿਗਾੜ ਹੈ ਜੋ ਕਿ ਅਸੀਂ ਆਪ ਹੀ ਪੈਦਾ ਕਰਦੇ ਹਾਂ। ਪ੍ਰੰਤੂ ਇਹ ਮੁੱਖ ਤੌਰ 'ਤੇ ਸ਼ੂਗਰ, ਹਾਰਟ ਅਟੈਕ, ਜੋੜਾਂ ਦਾ ਦਰਦ, ਬਦਹਜ਼ਮੀ, ਬਵਾਸੀਰ, ਚਮੜੀ ਰੋਗ, ਸੋਰਾਇਸਿਸ, ਅਫਾਰਾ ਆਦਿ ਵਰਗੀਆਂ ਅਨੇਕਾਂ ਬਿਮਾਰੀਆਂ ਦੀ ਜਨਮ ਦਾਤੀ ਹੈ। ਆਮ ਤੰਦਰੁਸਤ ਵਿਅਕਤੀ ਨੂੰ ਰੋਗੀ ਬਣਾਉਣ ਵਿਚ ਇਸਦਾ ਬਹੁਤ ਵੱਡਾ ਯੋਗਦਾਨ ਹੈ। ਜੇ ਇਸ ਦਾ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਜਾਨਲੇਵਾ ਸਾਬਤ ਹੋ ਸਕਦੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਆਖਰ ਕਬਜ਼ ਕੀ ਹੈ। 24 ਘੰਟੇ ਵਿਚ ਮਲ ਦਾ ਤਿਆਗ ਨਾ ਹੋਣਾ ਜਾਂ ਦਿਨ ਵਿਚ ਦੋ ਚਾਰ ਵਾਰ ਮਲ ਲਈ ਜਾਣਾ ਆਦਿ ਕਬਜ਼ ਦੇ ਮੁੱਖ ਲੱਛਣ ਸਮਝੇ ਜਾਂਦੇ ਹਨ। ਦੁਨੀਆ ਵਿਚ 90ਫ਼ੀਸੀਦੀ ਲੋਕ ਕਿਸੇ ਨਾ ਕਿਸੇ ਰੂਪ ਵਿਚ ਕਬਜ਼ ਤੋਂ ਪ੍ਰਭਾਵਿਤ ਹੁੰਦੇ ਹਨ। ਸਾਡਾ ਪਾਚਨਤੰਤਰ ਇਕ ਪੰਛੀ ਜਾਂ ਜਾਨਵਰ ਦੀ ਤਰ੍ਹਾਂ ਹੀ ਹੈ। ਮਿਸਾਲ ਦੇ ਤੌਰ 'ਤੇ ਇਕ ਚਿੜੀ ਬਿੱਠ ਕਰਨ ਲਈ ਅਤੇ ਇਕ ਮੱਝ ਗੋਬਰ ਕਰਨ ਲਈ ਕੁਝ ਸਕਿੰਟ ਹੀ ਲੈਂਦੀ ਹੈ। ਸਾਡੇ ਨਾਲ ਵੀ ਇਸੇ ਤਰ੍ਹਾਂ ਹੋਣਾ ਚਾਹੀਦਾ ਹੈ। ਟਾਇਲਟ ਵਿਚ ਬੈਠਦੇ ਸਾਰ ਹੀ ਇਕ ਮਿੰਟ ਵਿਚ ਕੋਠਾ ਸਾਫ਼ ਹੋ ਜਾਣਾ ਚਾਹੀਦਾ ਹੈ। ਜੇ ਇਸ ਤੋਂ ਜ਼ਿਆਦਾ ਟਾਇਮ ਲਗਦਾ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਾਨੂੰ ਕਬਜ਼ ਦੀ ਸ਼ਿਕਾਇਤ ਹੈ ਫਿਰ ਭਾਵੇਂ ਉਹ 10ਫ਼ੀਸੀਦੀ, 30ਫ਼ੀਸੀਦੀ ਜਾਂ 90ਫ਼ੀਸੀਦੀ ਤਕ ਵੀ ਹੋ ਸਕਦੀ ਹੈ। ਪਸ਼ੂ- ਪੰਛੀ ਕੁਦਰਤੀ ਖ਼ੁਰਾਕ ਅਤੇ ਪ੍ਰਾਕਿਰਤੀ ਦੇ ਨਿਯਮ ਅਨੁਸਾਰ ਚਲਦੇ ਹਨ ਇਸ ਲਈ ਉਨ੍ਹਾਂ ਵਿਚ ਕਬਜ਼ ਨਹੀਂ ਹੁੰਦੀ ਪ੍ਰੰਤੂ ਮਨੁੱਖ ਨੇ ਪ੍ਰਾਕ੍ਰਿਤੀ ਦੇ ਉਲਟ ਚੱਲਣ ਦਾ ਠੇਕਾ ਲੈ ਲਿਆ ਹੈ ਇਸੇ ਲਈ ਸਰੀਰਿਕ ਤੇ ਮਾਨਸਿਕ ਕਸ਼ਟ ਭੋਗ ਰਿਹਾ ਹੈ। ਕੁਦਰਤ ਨੇ ਸਰੀਰ ਵਿਚ ਨਿਊਟ੍ਰੀਸ਼ਨ ਲੈ ਜਾਣ ਲਈ ਦੋ ਦੁਆਰ ਮੂੰਹ ਅਤੇ ਨੱਕ ਦਿੱਤੇ ਹਨ। ਜਦ ਕਿ ਸਰੀਰ ਦਾ ਕਚਰਾ ਬਾਹਰ ਕੱਢਣ ਲਈ ਚਾਰ ਦੁਆਰ ਹਨ। ਕਿਡਨੀ, ਚਮੜੀ, ਫੇਫੜੇ ਅਤੇ ਵੱਡੀ ਆਂਤ ਹੈ ਫਿਰ ਵੀ ਜਾਮ ਲਗਦਾ ਹੈ। ਕਾਰਨ ਤੁਸੀਂ ਖ਼ੁਦ ਜਾਣਦੇ ਹੋ। ਚੈੱਕ ਕਰੋ ਕਿ ਸਹੀ ਖਾ ਰਹੇ ਹਾਂ, ਸਹੀ ਟਾਇਮ ਤੇ, ਸਹੀ ਮਾਤਰਾ ਅਤੇ ਸਹੀ ਕੁਆਲਿਟੀ ਦਾ ਖਾ ਰਹੇ ਹਾਂ। ਕਬਜ਼ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ ਪੇਟ ਅਤੇ ਆਂਤੜੀਆਂ ਦੀਆਂ ਮਾਸਪੇਸ਼ੀਆਂ ਦਾ ਕਮਜ਼ੋਰ ਪੈ ਜਾਣਾ। ਖਾਣ-ਪੀਣ ਦਾ ਅਸੰਤੁਲਨ ਹੋਣਾ, ਬਿਨਾਂ ਭੁੱਖ ਤੋਂ ਜ਼ਰੂਰਤ ਤੋਂ ਜ਼ਿਆਦਾ ਖਾਣਾ, ਬਿਨਾਂ ਸਮੇਂ ਤੋਂ ਖਾਣਾ ਭਾਵ ਸਾਰਾ ਦਿਨ ਖਾਂਦੇ ਫਿਰਨਾ, ਸ਼ਰਾਬ, ਚਾਹ, ਕੌਫ਼ੀ, ਸਿਗਰਟ ਆਦਿ ਦਾ ਜ਼ਿਆਦਾ ਸੇਵਨ ਕਰਨਾ, ਸਰੀਰਿਕ ਕੰਮ ਘੱਟ ਕਰਨਾ, ਮਿੱਠੇ ਅਤੇ ਪ੍ਰੋਟੀਨ ਦਾ ਜ਼ਿਆਦਾ ਇਸਤੇਮਾਲ ਕਰਨਾ , ਪਾਣੀ ਅਤੇ ਹੋਰ ਤਰਲ ਆਦਿ ਘੱਟ ਲੈਣਾ, ਹੋਰ ਬਿਮਾਰੀਆ ਲਈ ਇਸਤੇਮਾਲ ਕੀਤੀਆਂ ਜਾਂਦੀਆਂ ਦਵਾਈਆਂ ਆਦਿ। ਵੈਸੇ ਵੱਡੀ ਆਂਤ ਸਵੇਰੇ 5 ਤੋਂ 7 ਵਜੇ ਦੇ ਵਿਚ ਅਧਿਕ ਕਿਰਿਆਸ਼ੀਲ ਹੁੰਦੀ ਹੈ । ਇਸ ਲਈ ਇਸ ਸਮੇਂ ਦੇ ਵਿਚ ਹੀ ਟਾਇਲਟ ਜਾਣ ਦੀ ਆਦਤ ਪਾਉਣੀ ਚਾਹੀਦੀ ਹੈ। ਕੁਦਰਤੀ ਤੌਰ 'ਤੇ ਇਹ ਸਹੀ ਟਾਇਮ ਹੁੰਦਾ ਹੈ। ਆਓ ਦੇਖੀਏ ਇਸ ਕਬਜ਼ ਤੋਂ ਨਿਜ਼ਾਤ ਪਾਉਣ ਲਈ ਕੀ ਕੁਝ ਕੀਤਾ ਜਾ ਸਕਦਾ ਹੈ।

**ਰੇਸ਼ੇ** - ਮੁੱਖ ਸਰੋਤ ਹਨ ਫਲ਼ ਅਤੇ ਸਬਜ਼ੀਆਂ, ਕਣਕ ਜਾਂ ਓਟ ਬਰਾਨ, ਸਿਲੀਅਮ ਸੀਡ, ਸ਼ਿੰਥੈਟਿਕ ਮਿਥਾਇਲ ਸੈਲੂਲੋਜ਼, ਪੋਲੀ ਕਾਰਬੋਫਿਲ ਆਦਿ। ਰੇਸ਼ੇ ਪਾਣੀ ਨਾਲ ਭਰਪੂਰ ਹੋਣ ਕਾਰਨ ਆਂਤ ਵਿਚ ਜਾ ਕੇ ਸੁੱਕੇ ਹੋਏ ਮਲ ਨੂੰ ਨਰਮ ਕਰਦੇ ਹਨ।

**ਭੋਜਨ ਪਦਾਰਥ** - ਟਮਾਟਰ, ਸੇਬ, ਗਾਜਰ, ਪਾਲਕ, ਅਮਰੂਦ, ਪਪੀਤਾ, ਗੋਭੀ, ਬਾਥੂ, ਸ਼ਹਿਦ, ਲੱਸੀ, ਤਿਲ, ਖਿਚੜੀ, ਨਿੰਬੂ, ਮੁਨੱਕਾ, ਛੁਹਾਰਾ, ਮੇਥੀ, ਦੁੱਧ, ਧਨੀਆਂ, ਕਰੇਲਾ, ਗੁੜ, ਗੰਨਾ, ਪਿਆਜ਼, ਸਿਰਸ, ਲਸਣ, ਮੂਲੀ, ਅਦਰਕ, ਘਿਓ, ਸਰ੍ਹੋਂ ਦਾ ਤੇਲ, ਰੇਤਾ, ਸੋਇਆ ਮਿਲਕ ਅਤੇ ਆਟਾ, ਗੁਲਕੰਦ, ਖਰਬੂਜ਼ਾ, ਤਰਬੂਜ਼, ਦੁੱਧ ਨਾਲ ਅੰਬ, ਨਾਸ਼ਪਾਤੀ, ਬੰਥੂਗੋਸ਼ਾ, ਨਾਰੰਗੀ, ਕਮਰਕੱਲਾ, ਚਿਲਾਈ, ਮਟਰ, ਚਾਵਲ, ਕੇਲਾ, ਅੱਕ, ਸੰਗਤਰਾ, ਬੇਲ, ਹਿੰਗ, ਨਮਕ, ਦਹੀ ਆਦਿ।

**ਜੜ੍ਹੀ ਬੂਟੀ ਚਿਕਿਤਸਾ** - ਹਲਦੀ, ਘਿਓ ਅਤੇ ਕਾਲੀ ਮਿਰਚ, ਸੌਂਫ, ਹਰੜ, ਆਂਵਲਾ, ਨਿੰਮ, ਤ੍ਰਿਫਲਾ, ਅਲਸੀ , ਅਮਲਤਾਸ, ਗਿਲੋਅ, ਅੰਜੀਰ, ਸੋਨਾਮੁਖੀ, ਅਰਿੰਡ, ਰਾਮਜਟਾ, ਇਸਬਗੋਲ, ਸੁੰਡ, ਮੁਲੱਠੀ, ਨੌਸ਼ਾਦਰ, ਹਿੰਗ, ਅਜਵਾਇਣ, ਨਾਗਕੇਸਰ, ਪੀਪਲਾਮੂਲ, ਆਂਵਲਾ, ਛੋਲੇ, ਦਾਲਚੀਨੀ, ਆਦਿ।

**ਕੁਦਰਤੀ ਇਲਾਜ** - ਅਨੀਮਾ, ਪੇਟ ਤੇ ਮਿੱਟੀ ਦੀ ਪੱਟੀ, ਹਿੱਪ ਬਾਥ, ਪੇਟ ਤੇ ਗਿੱਲੇ ਕੱਪੜੇ ਦੀ ਲਪੇਟ, ਰੋਜ਼ਾਨਾ ਸੈਰ, ਕਸਰਤ ਤੇ ਮਾਲਿਸ਼ ਆਦਿ।

**ਘਰੇਲੂ ਨੁਸਖ਼ੇ** - 1 ਰਾਤ ਨੂੰ ਤਾਂਬੇ ਦੇ ਬਰਤਨ ਵਾਲਾ ਦੋ ਗਲਾਸ ਪਾਣੀ-ਪੀਣ ਨਾਲ ਪੇਟ ਸਾਫ਼ ਹੋ ਜਾਂਦਾ ਹੈ।

- ਇਕ ਗਲਾਸ ਗੰਨੇ ਦੇ ਰਸ ਵਿਚ ਨਿੰਬੂ ਨਿਚੋੜ ਕੇ ਪੀਓ।
- ਦੋ ਚਮਚ ਗੁਲਕੰਦ ਅੱਧਾ ਗਲਾਸ ਦੁੱਧ ਨਾਲ ਲੈ ਕਿ ਥੋੜ੍ਹੀ ਸੈਰ ਕਰ ਆਓ ਫਿਰ ਹੱਥ ਪੈਰ ਧੋ ਕਿ ਸੌਂ ਜਾਓ।
- ਮੇਥੀ ਦੀ ਸਬਜ਼ੀ ਖਾਓ। ਪਪੀਤਾ ਸੌਣ ਤੋਂ ਪਹਿਲਾਂ ਅਤੇ ਅਮਰੂਦ ਖਾਣੇ ਤੋਂ ਇਕ ਘੰਟਾ ਪਹਿਲਾਂ ਖਾਣਾ ਚਾਹੀਦਾ ਹੈ।

9814813674

# ਸਿਹਤਮੰਦ ਜ਼ਿੰਦਗੀ ਦਾ ਸਲੀਕਾ ਯੋਗ

ਪ੍ਰੋ. ਜਸਪ੍ਰੀਤ ਕੌਰ



ਵਿਅਕਤੀ ਤੇ ਸਮਾਜ ਦੋਵਾਂ ਲਈ ਤੰਦਰੁਸਤੀ ਇਕ ਜ਼ਰੂਰੀ ਅੰਗ ਹੈ। ਉੱਚ-ਵਿਚਾਰ, ਸ਼ੁੱਧ-ਆਚਰਣ, ਆਤਮ-ਵਿਸ਼ਵਾਸ, ਉਤਸ਼ਾਹ, ਬਹਾਦਰੀ, ਦ੍ਰਿੜਤਾ ਆਦਿ ਗੁਣਾਂ ਦਾ ਹੋਣਾ ਸਿਰਫ਼ ਤੰਦਰੁਸਤ ਵਿਅਕਤੀ ਵਿਚ ਹੀ ਸੰਭਵ ਹੈ। ਅੱਜ ਵਿਗਿਆਨ ਦੀ ਇੰਨੀ ਉੱਨਤੀ ਹੋਣ ਦੇ ਬਾਵਜੂਦ ਨਵੇਂ-ਨਵੇਂ ਰੋਗ ਸਾਡੇ ਸਾਹਮਣੇ ਆ ਰਹੇ ਹਨ। ਇਸ ਦੇਪਿੱਛੇ ਸਾਡਾ ਸੋਚਣ ਦਾ ਗ਼ਲਤ ਨਜ਼ਰੀਆ ਤੇ ਗਿਆਨ ਦੀ ਘਾਟ ਹੈ। ਅਸੀਂ ਆਪਣਾ ਜੀਵਨ ਬਣਾਵਟੀ, ਗ਼ਲਤ ਖਾਣ-ਪੀਣ ਅਤੇ ਐਸ਼ੋ-ਆਰਾਮ ਵਾਲਾ ਬਣਾ ਕੇ ਇਹ ਵਿਚਾਰਧਾਰਾ ਬਣਾ ਲਈ ਹੈ ਕਿ ਦਵਾਈਆਂ ਨਾਲ ਹੀ ਤੰਦਰੁਸਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਤੇ ਕੈਪਸੂਲਾਂ, ਟੌਨਿਕਾਂ ਵਿਚ ਤੰਦਰੁਸਤੀ ਲੱਭ ਰਹੇ ਹਾਂ। ਅੱਜ ਦਾ ਨੌਜਵਾਨ ਜਿਸ ਦੇ ਮੋਢਿਆਂ 'ਤੇ ਸਮਾਜ ਅਤੇ ਦੇਸ਼ ਦਾ ਭਵਿੱਖ ਨਿਰਭਰ ਕਰਦਾ ਹੈ, ਉਹ ਮਨ ਅਤੇ ਸਰੀਰ ਨੂੰ ਠੀਕ ਰੱਖਣ ਲਈ ਨਸ਼ੀਲੇ ਪਦਾਰਥਾਂ ਦੇ ਅੰਨ੍ਹੇ ਖ਼ੂਹ ਵੱਲ ਵਧਦਾ ਜਾ ਰਿਹਾ ਹੈ। ਜਿਸ ਤਰ੍ਹਾਂ ਕਸਤੂਰੀ ਹਿਰਨ ਕਸਤੂਰੀ ਨੂੰ ਲੱਭਣ ਲਈ ਦੌੜਦਾ ਫਿਰਦਾ ਹੈ ਜਦਕਿ ਉਹ ਉਸਦੇ ਕੋਲ ਹੀ ਹੁੰਦੀ ਹੈ, ਇਹੀ ਹਾਲਤ ਇਸ ਸਮੇਂ ਮਨੁੱਖ ਦੀ ਹੈ। ਸਰੀਰ ਨੂੰ ਤੰਦਰੁਸਤ ਰੱਖਣ ਦੀ ਸ਼ਕਤੀ ਸਾਡੇ ਅੰਦਰ ਹੀ ਹੈ ਅਤੇ ਅਸੀਂ ਬਾਹਰ ਭਟਕ ਰਹੇ ਹਾਂ। ਇਸ ਲਈ ਆਪਣੇ ਅੰਦਰੂਨੀ ਅੰਗਾਂ ਦੇ ਕੰਮਾਂ ਨੂੰ ਸਮਝਣਾ ਤੇ ਕਾਰਜਸ਼ੀਲ ਬਣਾਉਣਾ,ਆਪਣੀਆਂ ਨਿੱਤ ਦੀਆਂ ਕਿਰਿਆਵਾਂ ਨੂੰ ਯੋਗ ਰਾਹੀਂ ਵਿਗਿਆਨਕ ਰੂਪ ਦੇਣਾ ਬਹੁਤ ਜ਼ਰੂਰੀ ਹੈ।

ਯੋਗ ਧਰਮ, ਆਸਥਾ ਤੇ ਅੰਧਵਿਸ਼ਵਾਸ ਤੋਂ ਪਰ੍ਹੇ ਇਕ ਸਿੱਧਾ ਵਿਗਿਆਨ ਹੈ। ਜੀਵਨ ਜੀਣ ਦੀ ਇਕ ਕਲਾ ਹੈ। ਇਕ ਪੂਰਨ ਸੁਲਭ ਅਤੇ ਕੁਦਰਤੀ ਚਕਿਤਸਾ ਪ੍ਰਣਾਲੀ ਹੈ। ਯੋਗ ਨਾਲ ਜੀਵਨ ਦੀ ਗਤੀ ਨੂੰ ਇਕ ਸੰਗੀਤਮਈ ਰਫ਼ਤਾਰ ਮਿਲ ਜਾਂਦੀ ਹੈ। ਜਿੱਥੇ ਯੋਗ ਤੇ ਵੇਦਾਂਤ ਹੈ, ਉੱਥੇ ਕੋਈ ਘਾਟ, ਅਸ਼ੁੱਧਤਾ, ਅਗਿਆਨਤਾ ਤੇ ਅਨਿਆਏ ਨਹੀਂ ਹੈ। ਧਰਮ ਲੋਕਾਂ ਨੂੰ ਇਕ ਕਿੱਲੇ ਨਾਲ ਬੰਨ੍ਹਦਾ ਹੈ ਤੇ ਯੋਗ ਸਾਰੇ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਕਰਦਾ ਹੈ। ਵਿਸ਼ਵਾਸ਼ ਤੇ ਸ਼ੱਕ ਦੇ ਵਿਚਕਾਰਲੀ ਅਵਸਥਾ ਯੋਗ ਨੂੰ ਪਰਵਾਨ ਨਹੀਂ। ਯੋਗ ਭਾਰਤ ਦੀ ਪ੍ਰਾਚੀਨ ਸੰਸਕ੍ਰਿਤੀ ਦੀ ਗੌਰਵਮਈ ਪਹਿਚਾਣ ਹੈ, ਜਿਸ ਕਰਕੇ ਭਾਰਤ ਸਦੀਆ ਤਕ ਵਿਸ਼ਵ ਗੁਰੂ ਰਿਹਾ ਹੈ। ਦਸੰਬਰ 2011 ਵਿਚ ਅੰਤਰਰਾਸ਼ਟਰੀ ਮਾਨਵਤਾਵਾਦੀ, ਧਿਆਨ ਅਤੇ ਯੋਗ ਗੁਰੂ ਸ੍ਰੀ ਰਵੀਸ਼ੰਕਰ ਅਤੇ ਹੋਰ ਗੁਰੂਆਂ ਨੇ ਪੁਰਤਗਾਲੀ ਯੋਗ ਪ੍ਰਤੀਸੰਘ ਦੇ ਪ੍ਰਤਿਨਿਧੀ ਮੰਡਲ ਦਾ ਸਮਰਥਨ ਕੀਤਾ। 11 ਦਸੰਬਰ 2014 ਨੂੰ 193 ਮੈਂਬਰੀ ਸੰਯੁਕਤ ਰਾਸ਼ਟਰ ਮਹਾਂਸਭਾ ਵੱਲੋਂ ਸਰਬਸੰਮਤੀ ਨਾਲ 21 ਜੂਨ ਨੂੰ 'ਯੋਗ ਦੇ ਅੰਤਰਰਾਸ਼ਟਰੀ ਦਿਵਸ' ਦੇ ਰੂਪ ਵਿਚ ਮਨਜ਼ੂਰੀ ਦੇ ਦਿੱਤੀ ਗਈ। ਇਸ ਸਾਲ ਯੋਗ ਦਿਵਸ ਵੱਡੇ ਪੱਧਰ 'ਤੇ ਦੇਹਰਾਦੂਨ ਜੋ ਕਿ ਬਹੁਤ ਪੜ੍ਹਿਆ ਲਿਖਿਆ ਸ਼ਹਿਰ ਤੇ ਬਹੁਤ ਹੀ ਸੁੰਦਰ ਘਾਟੀਆਂ ਤੇ ਸੁਹਾਵਣੇ ਮੌਸਮ ਕਰ ਕੇ ਜਾਣਿਆ ਜਾਂਦਾ ਹੈ। ਯੋਗ ਸ਼ਬਦ ਸੰਸਕ੍ਰਿਤ ਦੀ 'ਯੁਜ' ਧਾਤੂ ਨਾਲ ਬਣਿਆ ਹੈ, ਜਿਸਦਾ ਅਰਥ ਹੈ- ਜੋੜਨਾ, ਯਾਨੀ ਸਰੀਰ, ਮਨ ਅਤੇ ਆਤਮਾ ਨੂੰ ਇਕ ਸੂਤਰ ਵਿਚ ਜੋੜਨਾ। ਯੋਗ ਦੇ ਮਹਾਨ ਗ੍ਰੰਥ ਪਤੰਜਲੀ ਯੋਗ ਦਰਸ਼ਨ ਵਿਚ ਯੋਗ ਦੇ ਬਾਰੇ ਕਿਹਾ ਗਿਆ ਹੈ-'ਯੋਗ ਸ਼ਚਿੱਤਵਰਿਤ ਨਿਰੋਧ' ਅਰਥਾਤ ਚਿੱਤ ਦੀਆਂ ਬੁਰਾਈਆਂ ਦਾ ਨਿਰੋਧ ਹੀ ਯੋਗ ਹੈ।ਭਗਵਤ ਗੀਤਾ ਅਨੁਸਾਰ- 'ਯੋਗ:ਕਰਮਸੁ ਕੌਸ਼ਲਮ'- ਕਰਮ ਕੁਸ਼ਲਤਾ ਦਾ ਨਾਂ ਯੋਗ ਹੈ।

ਸੰਸਾਰ ਦੀ ਪਹਿਲੀ ਪੁਸਤਕ ਰਿਗਵੇਦ ਵਿਚ ਕਈ ਥਾਵਾਂ 'ਤੇ ਯੋਗਿਕ ਕਿਰਿਆਵਾਂ ਦਾ ਉਲੇਖ ਮਿਲਦਾ ਹੈ। ਯੋਗ ਦਾ ਪ੍ਰਮਾਣਿਕ ਗਰੰਥ 'ਯੋਗ ਸੂਤਰ' 200 ਈ: ਪੂਰਵ ਵਿਚ ਲਿਖਿਆ ਗਿਆ ਪਹਿਲਾ ਸੁਵਿਵਸਥਿਤ ਗਰੰਥ ਹੈ ਬਾਅਦ ਵਿਚ ਮਹਾਵੀਰ, ਬੁੱਧ ਤੇ ਅਖੀਰ ਵਿਚ ਪਤੰਜਲੀ ਨੇ ਇਸ ਨੂੰ ਵਿਵਸਥਿਤ ਰੂਪ ਦਿੱਤਾ। ਯੋਗ ਦੇ ਅੱਠ ਅੰਗ ਮੰਨੇ ਗਏ ਹਨ ਉਹ ਹਨ ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਹਾਰ, ਧਾਰਨ, ਧਿਆਨ ਅਤੇ ਸਮਾਧੀ। ਯਮ ਦੇ ਪੰਜ ਅੰਗ ਹੁੰਦੇ ਹਨ-ਅਹਿੰਸਾ, ਸਤਯ, ਅਸਤਯ, ਬ੍ਰਹਮਚਾਰਯ ਅਤੇ ਅਪਰਿਗ੍ਰਹਿ। ਇਹ ਪਹਿਲਾ ਪੜਾਅ ਹੀ ਇਨ੍ਹਾਂ ਅਹਿਮ ਹੈ ਕਿ ਇਨ੍ਹਾਂ ਦਾ ਜ਼ਰਾ ਜਿੰਨਾਂ ਅਭਿਆਸ ਆਰੰਭ ਕਰਨ ਨਾਲ ਸ਼ਖ਼ਸੀਅਤ ਵਿਚ ਨਿਖ਼ਾਰ ਆਉਣ ਲਗਦਾ ਹੈ। ਪ੍ਰਾਚੀਨ ਜੀਵਨ ਪੱਧਤੀ ਵਾਲਾ ਯੋਗ, ਅੱਜ ਦੇ ਪਰਿਵੇਸ਼ ਵਿਚ ਵੀ ਸਾਡੇ ਜੀਵਨ ਨੂੰ ਸਵਸਥ ਅਤੇ ਖੁਸ਼ਹਾਲ ਬਣਾ ਸਕਦਾ ਹੈ। ਅੱਜ ਦੇ ਪ੍ਰਦੂਸ਼ਿਤ ਵਾਤਾਵਰਨ ਵਿਚ 24 ਘੰਟੇ ਵਿਚ ਮਹਿਜ ਕੁੱਝ ਮਿੰਟ ਹੀ ਯੋਗ ਕਰਨ ਨਾਲ ਅਸੀਂ ਆਪਣੀ ਸਿਹਤ ਨੂੰ ਚੁਸਤ-ਦਰੁਸਤ ਰੱਖ ਸਕਦੇ ਹਾਂ। ਫਿੱਟ ਰਹਿਣ ਦੇ ਨਾਲ ਹੀ ਯੋਗ ਸਾਨੂੰ ਪੌਜ਼ੀਟਿਵ ਊਰਜਾ ਵੀ ਦਿੰਦਾ ਹੈ। ਅੱਜ ਦੀਆਂ ਚਿਕਿਤਸਾ ਖੋਜਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਯੋਗ ਸਰੀਰਕ ਅਤੇ ਮਾਨਸਿਕ ਰੂਪ ਨਾਲ ਮਾਨਵਜਾਤੀ ਦੇ ਲਈ ਵਰਦਾਨ ਹੈ। ਯੋਗ ਨਾਲ ਸਰੀਰ ਦੇ ਸਾਰੇ ਅੰਗਾਂ, ਗ੍ਰੰਥੀਆਂ ਦੀ ਕਸਰਤ ਹੁੰਦੀ ਹੈ, ਜਿਸ ਨਾਲ ਉਹ ਸੁਚਾਰੂ ਰੂਪ ਨਾਲ ਕੰਮ ਕਰਨ ਲੱਗਦੇ ਹਨ। ਯੋਗ ਬਿਨਾਂ ਦੁੱਖ, ਬਿਨਾਂ ਝਟਕੇ, ਹੌਲੀ-ਹੌਲੀ ਅਤੇ ਸਹਿਜਤਾ ਨਾਲ ਮਾਸਪੇਸ਼ੀਆਂ ਦੀ ਵਰਤੋਂ ਕਰਨ ਵਾਲੀ ਕਸਰਤ ਹੈ, ਜਿਸ ਨੂੰ ਸਾਹ ਅਤੇ ਸ਼ਾਂਤ ਮਨ ਦੇ ਤਾਲਮੇਲ ਨਾਲ ਕੀਤਾ ਜਾਂਦਾ ਹੈ।

> *ਲੱਖਾਂ ਹੀ ਬਿਮਾਰੀਆਂ ਤੋਂ ਨਿਜਾਤ ਪਾਉਣ ਲਈ ਯੋਗਾ ਕਰਨਾ ਬਹੁਤ ਹੀ ਜ਼ਰੂਰੀ ਹੈ। ਇਹ ਸਰੀਰ ਲਈ ਐਨਰਜੀ, ਧਿਆਨ ਲਾਉਣ, ਮਨ ਸ਼ਾਂਤ ਰੱਖਣ ਆਦਿ ਲਈ ਲਾਭਕਾਰੀ ਹੈ...*

ਯੋਗ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਵੀ ਵਧਾ ਦਿੰਦਾ ਹੈ। ਯੋਗ ਦੇ ਮਾਧਿਅਮ ਰਾਹੀ ਸਰੀਰ, ਮਨ ਅਤੇ ਦਿਮਾਗ਼ ਨੂੰ ਪੂਰੀ ਤਰ੍ਹਾਂ ਸਿਹਤਮੰਦ ਕੀਤਾ ਜਾ ਸਕਦਾ ਹੈ। ਬੁਢਾਪੇ ਵਿਚ ਵੀ ਜਵਾਨ ਬਣੇ ਰਹਿ ਸਕਦੇ ਹਾਂ, ਚਮੜੀ ਉੱਪਰ ਚਮਕ ਆਉਂਦੀ ਹੈ, ਸਰੀਰ ਸਵਸਥ, ਨਿਰੋਗ ਅਤੇ ਬਲਵਾਨ ਬਣਦਾ ਹੈ, ਚੰਗੀ ਨੀਂਦ ਆਉਂਦੀ ਹੈ, ਪਾਚਨ ਸਹੀ ਰਹਿੰਦਾ ਹੈ। ਯੋਗ ਦੁਬਲੇ ਤੇ ਮੋਟੇ ਦੋਨਾਂ ਦੇ ਲਈ ਫ਼ਾਇਦੇਮੰਦ ਹੈ। ਯੋਗ ਨਾਲ ਬਲੱਡ ਸ਼ੂਗਰ ਦਾ ਲੈਵਲ, ਲੁਧਲ੍ਹਜਾਂ ਬੈਡ ਕੋਲੈਸਟ੍ਰੋਲ, ਗਠੀਆ, ਪਿੱਠ ਦਰਦ, ਸਰਵਾਈਕਲ ਆਦਿ ਵਿਚ ਕਾਫ਼ੀ ਸੁਧਾਰ ਹੁੰਦਾ ਹੈ ਅਤੇ ਦਵਾਈਆਂ ਉੱਪਰ ਨਿਰਭਰਤਾ ਘੱਟ ਜਾਂਦੀ ਹੈ। ਡਾਇਬਟੀਜ਼ ਰੋਗੀਆਂ ਦੇ ਲਈ ਯੋਗ ਬੇਹੱਦ ਫ਼ਾਇਦੇਮੰਦ ਹੈ। ਯੋਗ ਦਾ ਅੰਗ ਪ੍ਰਾਣਾਯਾਮ ਵੀ ਸਰੀਰ ਦੇ ਲਈ ਬਹੁਤ ਫਾਇਦੇਮੰਦ ਹੈ। ਸਾਹ ਪ੍ਰਣਾਲੀ ਨਾਲ ਸੰਬੰਧਤ ਰੋਗ ਜਿਵੇਂ- ਦਮਾ, ਐਲਰਜੀ, ਸਾਈਨੋਸਾਈਟਿਸ, ਪੁਰਾਣਾ ਨਜ਼ਲਾ, ਜ਼ੁਕਾਮ ਆਦਿ ਰੋਗਾਂ ਵਿਚ ਤਾਂ ਪ੍ਰਾਣਾਯਮ ਬਹੁਤ ਲਾਭਦਾਇਕ ਹੈ ਹੀ ਨਾਲ ਹੀ ਇਸ ਨਾਲ ਫੇਫੜਿਆਂ ਦੀ ਆਕਸੀਜਨ ਲੈਣ ਦੀ ਸ਼ਕਤੀ ਵਧਣ ਕਾਰਨ ਕੋਸ਼ਿਕਾਵਾ ਨੂੰ ਜ਼ਿਆਦਾ ਆਕਸੀਜਨ ਮਿਲਣ ਲੱਗ ਜਾਂਦੀ ਹੈ ਜਿਸਦਾ ਪੂਰੇ ਸਰੀਰ ਉੱਪਰ ਸਕਾਰਾਤਮਕ ਅਸਰ ਪੈਂਦਾ ਹੈ। ਧਿਆਨ ਭਾਵ ਮੈਡੀਟੇਸ਼ਨ ਵੀ ਯੋਗ ਦਾ ਮਹੱਤਵਪੂਰਨ ਅੰਗ ਹੈ। ਅੱਜ ਦੀ ਭੌਤਿਕਤਾਵਾਦੀ ਸੰਸਕ੍ਰਿਤੀ ਵਿਚ ਦਿਨ ਰਾਤ ਭੱਜ ਦੌੜ, ਕੰਮ ਦਾ ਦਬਾਅ, ਰਿਸ਼ਤਿਆਂ ਵਿਚ ਅਵਿਸ਼ਵਾਸ ਆਦਿ ਦੇ ਕਾਰਨ ਤਣਾਅ ਬਹੁਤ ਵੱਧ ਗਿਆ ਹੈ । ਅਜਿਹੇ ਵਿਚ ਮੈਡੀਟੇਸ਼ਨ ਤੋਂ ਬਿਹਤਰ ਕੁੱਝ ਨਹੀਂ ਹੈ। ਧਿਆਨ ਨਾਲ ਮਾਨਸਿਕ ਤਣਾਅ ਦੂਰ ਹੋ ਕੇ ਡੂੰਘੀ ਆਤਮਿਕ ਸ਼ਾਂਤੀ ਮਹਿਸੂਸ ਹੁੰਦੀ ਹੈ, ਮਨ ਦੀ ਏਕਾਗਰਤਾ ਅਤੇ ਯਾਦ-ਸ਼ਕਤੀ ਵੱਧਦੀ ਹੈ ਪਰ ਜਦੋਂ ਤਕ ਤੁਸੀਂ ਯੋਗ ਦੇ ਮੂਲ ਸਿਧਾਂਤਾਂ ਵਿਚ ਪੂਰੀ ਮੁਹਾਰਤ ਹਾਸਲ ਨਹੀਂ ਕਰ ਲੈਂਦੇ, ਉਦੋਂ ਤਕ ਯੋਗ ਕਿਸੇ ਯੋਗ ਮਾਹਰ ਦੀ ਦੇਖ-ਰੇਖ ਵਿਚ ਹੀ ਯੋਗ ਕਰਨਾ ਚਾਹੀਦਾ ਹੈ। ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ।

- ਆਸਨ ਕਰਨ ਦੀ ਜਗ੍ਹਾ ਸਮਤਲ, ਸਾਫ਼ ਅਤੇ ਸ਼ਾਂਤ ਹੋਣੀ ਚਾਹੀਦੀ ਹੈ। ਜ਼ਮੀਨ 'ਤੇ ਮੋਟੀ ਦਰੀ ਜਾਂ ਕਲੀਨ ਆਦਿ ਵਿਛਾਅ ਕੇ ਯੋਗ ਕਰਨਾ ਚਾਹੀਦਾ ਹੈ।
- ਯੋਗ ਆਸਨ ਸਵੇਰੇ ਪਖ਼ਾਨਾ ਜਾਣ ਤੋਂ ਬਾਅਦ ਕਰਨਾ ਚਾਹੀਦਾ ਹੈ ਜਾਂ ਇਸ਼ਨਾਨ ਕਰਨ ਤੋਂ ਬਾਅਦ। ਸ਼ਾਮ ਵੇਲੇ ਭੋਜਨ ਕਰਨ ਤੋਂ ਪਹਿਲਾਂ।
- ਆਸਨ ਲਕਰਦੇ ਸਮੇ— ਗੱਲਬਾਤ ਨਾ ਕਰੋ।
- ਯੋਗ ਆਸਨ ਕਰਦੇ ਸਮੇਂ ਕੱਪੜੇ ਢਿੱਲੇ ਪਾਓ।
- ਆਸਨ ਦੀ ਸੰਖਿਆ ਅਤੇ ਉਨ੍ਹਾਂ ਦਾ ਸਮਾਂ ਹੌਲੀ-ਹੌਲੀ ਵਧਾਉਣਾ ਚਾਹੀਦਾ ਹੈ।
- ਹਲਕਾ ਭੋਜਨ ਕਰੋ ਤਾਂ ਕਿ ਸਰੀਰ ਹਲਕਾ-ਫੁਲਕਾ ਰਹੇ।
- ਯੋਗ ਆਸਨ ਕਰਨ ਸਮੇਂ ਸਰੀਰ ਨੂੰ ਸਿੱਧੀ ਹਵਾ ਨਾ ਲੱਗੇ, ਇਸ ਦਾ ਧਿਆਨ ਰੱਖਣਾ ਚਾਹੀਦਾ ਹੈ।
- ਯੋਗ ਆਸਨ ਕਰਦੇ ਸਮੇਂ ਸਰੀਰ ਦੇ ਕਿਸੇ ਵੀ ਜੋੜ ਨੂੰ ਉਸ ਦੇ ਕੁਦਰਤੀ ਮੋੜ ਦੇ ਅਨੁਸਾਰ ਹੀ ਮੋੜਨਾ ਚਾਹੀਦਾ ਹੈ। ਕਦੇ ਵੀ ਉਲਟੇ ਜਾਂ ਤਿਰਛੇ ਹੋਣ ਦਾ ਯਤਨ ਨਾ ਕਰੋ।

ਹਰ ਆਦਮੀ ਯੋਗ ਨੂੰ ਆਪਣੇ ਢੰਗ ਨਾਲ ਸਮਝਦਾ ਹੈ। ਕੋਈ ਇਸ ਨੂੰ ਕੁਝ ਸਰੀਰਕ ਕਸਰਤ ਮਾਤਰ ਪਦਮ ਆਸਨ, ਸੀਰਸ਼ ਆਸਨ ਵਰਗੀਆਂ ਕੁਝ ਸਰੀਰਕ ਮੁਦਰਾਵਾਂ ਮਾਤਰ ਸਮਝਦਾ ਹੈ। ਕੋਈ ਇਸ ਨੂੰ ਸਵਾਸ-ਪ੍ਰਸਵਾਸ ਦਾ ਸਮਾਂ ਵਧਾਉਣਾ ਸਮਝਦਾ ਹੈ ਪਰ ਅਸਲ ਵਿਚ ਯੋਗ ਦਾ ਸਰੂਪ ਵਿਆਪਕ ਹੈ ਤੇ ਡੂੰਘਾ ਹੈ। ਜੇ ਤੁਸੀਂ ਆਪਣੀ ਸ਼ਖ਼ਸੀਅਤ ਦਾ ਵਿਕਾਸ, ਆਤਮ ਵਿਕਾਸ ਕਰਨਾ ਚਾਹੁੰਦੇ ਹੋ ਤਾਂ ਕਿਸੇ ਚੰਗੇ ਗੁਰੂ ਦੀ ਮਦਦ ਨਾਲ ਹੀ ਅਭਿਆਸ ਸ਼ੁਰੂ ਕਰੋ। ਸਾਡੇ ਦੇਸ਼ ਦੀ ਇਸ ਗੌਰਵਮਈ ਰਿਸ਼ੀ ਪ੍ਰੰਪਰਾ ਯੋਗ ਨੂੰ ਅੱਜ ਵਿਸ਼ਵ ਵੀ ਅਪਣਾ ਰਿਹਾ ਹੈ। ਅੱਜ ਜਿਸ ਤਰ੍ਹਾਂ ਦਾ ਖਾਣ-ਪਾਣ ਅਤੇ ਰਹਿਣ-ਸਹਿਣ ਹੋ ਗਿਆ ਹੈ, ਆਓ ਅਸੀਂ ਆਪਣੇ ਮਨ, ਤਨ ਅਤੇ ਜੀਵਨ ਨੂੰ ਸਫ਼ਲ, ਤੰਦਰੁਸਤ ਬਣੇ ਰਹਿਣ ਲਈ ਯੋਗਾ ਕਰੀਏ।

9417831583

# ਏਸ਼ੀਅਨ, ਵਰਲਡ ਅਤੇ ਓਲੰਪਿਕ ਚੈਂਪੀਅਨਾਂ ਲਈ ਨਰਸਰੀ ਬਣ ਕੇ ਉੱਭਰੇਗਾ ਸੰਗਰੂਰ: ਭਗਵੰਤ ਸਿੰਘ ਮਾਨ

**➢ ਮੁੱਖ ਮੰਤਰੀ ਵੱਲੋਂ ਸੰਗਰੂਰ ਵਿੱਚ ਓਲੰਪਿਕ ਪੱਧਰ ਦੇ ਸਵਿਮਿੰਗ ਪੂਲ ਦਾ ਉਦਘਾਟਨ ➢ 9.50 ਕਰੋੜ ਰੁਪਏ ਦੀ ਲਾਗਤ ਨਾਲ ਬਣਿਆ ਸਵਿਮਿੰਗ ਪੂਲ ਕੌਮਾਂਤਰੀ ਪੱਧਰ ਦੀਆਂ ਸਹੂਲਤਾਂ ਨਾਲ ਲੈਸ ➢ ਸਵਿਮਿੰਗ ਪੂਲ ਦੀ ਲੰਬਾਈ 50 ਮੀਟਰ, ਚੌੜਾਈ 21 ਮੀਟਰ ਅਤੇ ਡੂੰਘਾਈ 4.6 ਤੋਂ 7.6 ਫੁੱਟ ਤੱਕ**

**ਸੰਗਰੂਰ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਨੂੰ ਭਾਰਤ ਦਾ ਖੇਡ ਧੁਰਾ ਬਣਾਉਣ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੰਗਰੂਰ ਵਿਖੇ 9.50 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਓਲੰਪਿਕ ਪੱਧਰ ਦੇ ਸਵਿਮਿੰਗ ਪੂਲ ਦਾ ਉਦਘਾਟਨ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਸੰਗਰੂਰ ਜ਼ਿਲ੍ਹਾ ਏਸ਼ੀਅਨ, ਵਰਲਡ ਅਤੇ ਓਲੰਪਿਕ ਚੈਂਪੀਅਨਾਂ ਲਈ ਨਰਸਰੀ ਵਜੋਂ ਉਭਰੇਗਾ। ਖੇਡਾਂ ਦੇ ਬੁਨਿਆਦੀ ਢਾਂਚੇ ਵਿੱਚ ਸਰਕਾਰ ਵੱਲੋਂ ਕੀਤੇ ਗਏ ਬੇਮਿਸਾਲ ਨਿਵੇਸ਼ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਹੇ ਕਿ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਪੰਜਾਬ ਦਾ ਖੇਡ ਬਜਟ 200 ਕਰੋੜ ਰੁਪਏ ਤੋਂ ਨਹੀਂ ਵਧਾਇਆ ਸੀ ਜਦਕਿ ਸਾਡੀ ਸਰਕਾਰ ਨੇ ਖੇਡ ਬਜਟ ਨੂੰ ਵਧਾ ਕੇ 1,790 ਕਰੋੜ ਰੁਪਏ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਪੰਜਾਬ ਨੇ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਟਰਾਫੀ ਦੀ ਮੇਜ਼ਬਾਨੀ ਹਾਸਲ ਕੀਤੀ ਹੈ ਅਤੇ ਸੂਬਾ



ਹੁਣ ਅੰਤਰਰਾਸ਼ਟਰੀ ਪੱਧਰ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਕ੍ਰਿਕਟ ਅਤੇ ਹਾਕੀ ਪ੍ਰੀਮੀਅਰ ਲੀਗ ਸ਼ੁਰੂ ਕਰਨ ਲਈ ਵੀ ਤਿਆਰ ਹੈ।

ਇਸ ਪ੍ਰੋਗਰਾਮ ਦੀ ਵੀਡੀਓ 'ਐਕਸ' 'ਤੇ ਸਾਂਝੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਿਖਿਆ, ਅੱਜ ਸੰਗਰੂਰ ਦੇ ਲੋਕਾਂ ਨੂੰ ਖੇਡਾਂ ਦੇ ਖੇਤਰ ਵਿੱਚ ਵੱਡਾ ਹੁਲਾਰਾ ਮਿਲਿਆ ਹੈ ਕਿਉਂਕਿ ਵਾਰ ਹੀਰੋਜ਼ ਸਟੇਡੀਅਮ ਵਿਖੇ ਓਲੰਪਿਕ ਪੱਧਰ ਦੇ ਆਧੁਨਿਕ ਸਵਿਮਿੰਗ ਪੂਲ ਦਾ ਉਦਘਾਟਨ ਕੀਤਾ ਗਿਆ ਹੈ। 9.50 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ 50ਗ21 ਮੀਟਰ ਆਕਾਰ ਦਾ ਸਵਿਮਿੰਗ ਪੂਲ ਖਿਡਾਰੀਆਂ ਅਤੇ ਕੋਚਾਂ ਲਈ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਹੈ, ਜੋ ਅੰਤਰਰਾਸ਼ਟਰੀ ਪੱਧਰ ਦਾ ਸਿਖਲਾਈ ਢਾਂਚਾ ਪ੍ਰਦਾਨ ਕਰੇਗਾ। ਉਨ੍ਹਾਂ ਅੱਗੇ ਲਿਖਿਆ, ਪੰਜਾਬ ਦੇ ਖੇਡ ਸੱਭਿਆਚਾਰ ਨੂੰ ਸੁਰਜੀਤ ਕਰਨ ਲਈ ਸਾਡੀ ਸਰਕਾਰ ਨੇ ਖੇਡ ਬਜਟ 200 ਕਰੋੜ ਰੁਪਏ ਤੋਂ ਵਧਾ ਕੇ 1,790 ਕਰੋੜ ਰੁਪਏ ਕਰ ਦਿੱਤਾ ਹੈ। ਖਿਡਾਰੀਆਂ ਨੂੰ ਹੁਣ ਸਿਖਲਾਈ ਲਈ ਅਗਾਊਂ ਰਾਸ਼ੀ ਮਿਲੇਗੀ ਜਦੋਂ ਕਿ ਅੰਤਰਰਾਸ਼ਟਰੀ ਤਗਮੇ ਜਿੱਤਣ ਵਾਲਿਆਂ ਨੂੰ ਸੋਨ ਤਗਮੇ ਲਈ ਇਕ ਕਰੋੜ ਰੁਪਏ, ਚਾਂਦੀ ਦੇ ਤਗਮੇ ਲਈ 75 ਲੱਖ ਰੁਪਏ ਅਤੇ ਕਾਂਸੀ ਦੇ ਤਗਮੇ ਲਈ 50 ਲੱਖ ਰੁਪਏ ਦੇ ਨਕਦ ਇਨਾਮਾਂ ਨਾਲ ਸਨਮਾਨਿਆ ਜਾਵੇਗਾ। ਪੋਸਟ ਦੇ ਅਖੀਰ ਵਿੱਚ ਲਿਖਿਆ ਗਿਆ, ਖੇਡ ਸੱਭਿਆਚਾਰ ਨੂੰ ਹੋਰ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਛੇਤੀ ਹੀ ਪੰਜਾਬ ਪ੍ਰੀਮੀਅਰ ਲੀਗ ਅਤੇ ਪੰਜਾਬ ਹਾਕੀ ਲੀਗ ਸ਼ੁਰੂ ਕਰੇਗੀ। ਇਸ ਤੋਂ ਇਲਾਵਾ, ਅਕਤੂਬਰ-ਨਵੰਬਰ ਦੌਰਾਨ ਮੋਹਾਲੀ ਤੇ ਜਲੰਧਰ ਵਿੱਚ ਏਸ਼ੀਅਨ ਚੈਂਪੀਅਨਜ਼ ਟਰਾਫੀ (ਹਾਕੀ) ਦੀ ਮੇਜ਼ਬਾਨੀ ਕੀਤੀ ਜਾਵੇਗੀ, ਜਿਸ ਨਾਲ ਦੇਸ਼ ਵਿੱਚ ਖੇਡਾਂ ਦੇ ਇੱਕ ਪ੍ਰਮੁੱਖ ਕੇਂਦਰ ਵਜੋਂ ਪੰਜਾਬ ਦੀ ਪੁਜ਼ੀਸ਼ਨ ਹੋਰ ਮਜ਼ਬੂਤ ਹੋਵੇਗੀ।

ਉਦਘਾਟਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਜ ਦਾ ਦਿਨ ਸੰਗਰੂਰ ਦੇ ਲੋਕਾਂ, ਖਾਸ ਕਰਕੇ ਨੌਜਵਾਨਾਂ ਲਈ ਬਹੁਤ ਮਾਣ ਅਤੇ ਖੁਸ਼ੀ ਦਾ ਦਿਨ ਹੈ, ਕਿਉਂਕਿ ਇਹ ਨਵਾਂ ਬਣਿਆ ਅਤਿ-ਆਧੁਨਿਕ ਸਵਿਮਿੰਗ ਪੂਲ ਉਨ੍ਹਾਂ ਨੂੰ ਸਮਰਪਿਤ ਕੀਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਸਵਿਮਿੰਗ ਪੂਲ ਮਹਿਜ਼ ਇੱਕ ਇਮਾਰਤ ਨਹੀਂ ਹੈ, ਸਗੋਂ ਇਹ ਸਾਡੇ ਭਵਿੱਖ ਦੇ ਓਲੰਪੀਅਨਾਂ ਲਈ ਨਰਸਰੀ ਵਜੋਂ ਉੱਭਰੇਗਾ।

ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਆਪਣੀ ਸਰਕਾਰ ਦੇ ਏਜੰਡੇ ਬਾਰੇ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਵਿਸ਼ਵ ਪੱਧਰੀ ਸਵਿਮਿੰਗ ਪੂਲ ਪੰਜਾਬ ਨੂੰ ਦੇਸ਼ ਦਾ ਨੰਬਰ ਇੱਕ ਖੇਡ ਸੂਬਾ ਬਣਾਉਣ ਵੱਲ ਇੱਕ ਹੋਰ ਅਹਿਮ ਕਦਮ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਸਵਿਮਿੰਗ ਪੂਲ ਅੰਤਰਰਾਸ਼ਟਰੀ ਮਾਪਦੰਡਾਂ ਅਤੇ ਓਲੰਪਿਕ ਵਿਸ਼ੇਸ਼ਤਾਵਾਂ ਦੇ ਅਨੁਸਾਰ 9.50 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ। ਇਸ ਪੂਲ ਦਾ ਆਕਾਰ 50 ਮੀਟਰ ਗ 21 ਮੀਟਰ ਹੈ, ਜਿਸ ਦੀ ਡੂੰਘਾਈ 4.5 ਫੁੱਟ ਤੋਂ 7.5 ਫੁੱਟ ਤੱਕ ਹੈ ਅਤੇ ਇਸ ਵਿੱਚ 2.5 ਲੱਖ ਲੀਟਰ ਪਾਣੀ ਦੀ ਸਮਰੱਥਾ ਹੈ।

ਇਸ ਕੰਪਲੈਕਸ ਵਿੱਚ ਵਿਕਸਤ ਕੀਤੀਆਂ ਸਹੂਲਤਾਂ ਦਾ ਵੇਰਵਾ ਸਾਂਝਾ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਖਿਡਾਰੀਆਂ ਤੇ ਖਿਡਾਰਨਾਂ ਦੀ ਸਹੂਲਤ ਲਈ ਵੱਖਰੇ ਆਧੁਨਿਕ ਸ਼ਾਵਰ, ਚੇਂਜਿੰਗ ਰੂਮ, ਕੋਚਾਂ ਲਈ ਵਿਸ਼ੇਸ਼ ਕਮਰੇ ਅਤੇ ਸਟੋਰ ਰੂਮ ਬਣਾਏ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਖਿਡਾਰੀਆਂ ਦੀ ਸਰੀਰਕ ਤਾਕਤ ਅਤੇ ਕਸਰਤ ਲਈ ਆਧੁਨਿਕ ਜਿਮਨੇਜ਼ੀਅਮ ਵੀ ਸਥਾਪਤ ਕੀਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 7 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਵਿਸ਼ੇਸ਼ ਮਿੰਨੀ ਸਵਿਮਿੰਗ ਪੂਲ ਵੀ ਤਿਆਰ ਕੀਤਾ ਗਿਆ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਇਸ ਸਵਿਮਿੰਗ ਪੂਲ ਦਾ ਨਿਰਮਾਣ ਵਿਸ਼ਵ ਦੀ ਸਭ ਤੋਂ ਵਧੀਆ 'ਮਿਰਥਾ ਰੇਨੋਵੇਐਕਸ਼ਨ' ਅਤੇ 'ਕਲਾਸਿਕ ਮੌਡਿਊਲਰ ਸਿਸਟਮ' ਦੀ ਤਕਨਾਲੋਜੀ ਦੀ ਵਰਤੋਂ ਕਰਕੇ ਕੀਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,ਇਸ ਵਿੱਚ ਲੈਮੀਨੇਟਡ ਪੀ.ਵੀ.ਸੀ. ਅਤੇ ਸਟੇਨਲੈੱਸ ਸਟੀਲ ਦੇ ਪੈਨਲ ਲਾਏ ਗਏ ਹਨ, ਜੋ ਇਸ ਨੂੰ ਦੇਸ਼ ਦੇ ਸਭ ਤੋਂ ਆਧੁਨਿਕ ਸਵਿਮਿੰਗ ਪੂਲ ਵਿੱਚੋਂ ਇੱਕ ਬਣਾਉਂਦੇ ਹਨ।

ਸਾਫ਼ ਅਤੇ ਸੁਰੱਖਿਅਤ ਪਾਣੀ ਨੂੰ ਯਕੀਨੀ ਬਣਾਉਣ ਲਈ ਯੂਰਪੀਅਨ ਮਾਪਦੰਡਾਂ ਦੇ ਅਨੁਸਾਰ ਫਿਲਟਰੇਸ਼ਨ ਅਤੇ ਡਿਸਇਨਫੈਕਸ਼ਨ ਸਿਸਟਮ ਸਥਾਪਤ ਕੀਤਾ ਗਿਆ ਹੈ।

# 'ਟੁਕੜੇ-ਗੈਂਗ' ਨਾਲ ਸਬੰਧਤ, ਭਾਜਪਾ ਉਨ੍ਹਾਂ ਨੂੰ ਸਬਕ ਸਿਖਾਏਗੀ: ਨਿਤਿਨ ਨਬੀਨ

**ਨਵੀਂ ਦਿੱਲੀ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਕਾਕਰੋਚ ਜਨਤਾ ਪਾਰਟੀ (ਸੀ.ਜੇ.ਪੀ.) 'ਤੇ ਹਮਲਾ ਬੋਲਿਆ ਹੈ, ਜਿਸ ਵਿੱਚ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਨੇ ਇਸ ਨੂੰ 'ਵਾਇਰਸ ਅਤੇ ਕਾਕਰੋਚ' ਗੈਂਗ ਦਾ ਹਿੱਸਾ ਦੱਸਿਆ ਹੈ ਜੋ ਦੇਸ਼ ਨੂੰ ਕਮਜ਼ੋਰ ਕਰਨਾ ਅਤੇ ਵੰਡਣਾ ਚਾਹੁੰਦੇ ਹਨ। ਨਵੀਂ ਉੱਭਰੀ ਪਾਰਟੀ ਨੀਟ ਯੂ.ਜੀ. ਪੇਪਰ ਲੀਕ ਮੁੱਦੇ 'ਤੇ ਦਿੱਲੀ ਦੇ ਜੰਤਰ-ਮੰਤਰ ਵਿਖੇ ਆਪਣਾ ਪ੍ਰਦਰਸ਼ਨ ਜਾਰੀ ਰੱਖ ਰਹੀ ਹੈ।

ਵਾਰੰਗਲ ਵਿੱਚ ਆਪਣੀ ਤਿਲੰਗਾਨਾ ਫੇਰੀ ਦੌਰਾਨ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ, ਨਬੀਨ ਨੇ ਦੋਸ਼ ਲਾਇਆ ਕਿ ਸੀ.ਜੇ.ਪੀ. ਵਰਗੇ ਸਮੂਹ ਦੇਸ਼ ਦੇ ਹਿੱਤਾਂ ਦੇ ਵਿਰੁੱਧ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਵਾਇਰਸ ਅਤੇ ਕਾਕਰੋਚ ਵਰਗੀਆਂ ਪਾਰਟੀਆਂ ਉੱਭਰ ਰਹੀਆਂ ਹਨ ਜੋ ਦੇਸ਼ ਨੂੰ ਖੋਖਲਾ ਕਰਨਾ ਚਾਹੁੰਦੀਆਂ ਹਨ ਅਤੇ ਸਾਨੂੰ ਇਨ੍ਹਾਂ ਵਾਇਰਸ ਅਤੇ ਕਾਕਰੋਚ ਵਰਗੇ ਲੋਕਾਂ ਵੱਲ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਇਹ ਗੈਂਗ ਦੇਸ਼ ਨੂੰ ਵੰਡਣਾ ਚਾਹੁੰਦਾ ਹੈ।



ਉਨ੍ਹਾਂ ਅੱਗੇ ਕਿਹਾ ਕਿ ਇਹ ਉਹ ਲੋਕ ਹਨ ਜੋ 'ਟੁਕੜੇ ਵਾਲੇ ਗੈਂਗ' ਨਾਲ ਸਬੰਧਤ ਹਨ ਅਤੇ ਭਾਜਪਾ ਉਨ੍ਹਾਂ ਨੂੰ ਸਬਕ ਸਿਖਾਏਗੀ, ਭਾਜਪਾ ਦਾ ਹਰ ਵਰਕਰ ਇਹ ਯਕੀਨੀ ਬਣਾਏਗਾ। ਇਹ ਟਿੱਪਣੀਆਂ ਸੀ.ਜੇ.ਪੀ. 'ਤੇ ਭਾਜਪਾ ਦਾ ਹੁਣ ਤੱਕ ਦਾ ਸਭ ਤੋਂ ਤਿੱਖਾ ਜਨਤਕ ਹਮਲਾ ਹੈ, ਜਿਸ ਦੇ ਕੌਮੀ ਰਾਜਧਾਨੀ ਵਿੱਚ ਕੀਤੇ ਗਏ ਪ੍ਰਦਰਸ਼ਨਾਂ ਨੇ ਨੀਟ ਯੂ.ਜੀ. ਪੇਪਰ ਲੀਕ ਵਿਵਾਦ ਦੇ ਮੱਦੇਨਜ਼ਰ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਧਿਆਨ ਖਿੱਚਿਆ ਹੈ।

ਬਾਅਦ ਵਿੱਚ ਹੈਦਰਾਬਾਦ ਨੇੜੇ ਇੱਕ ਇੰਜੀਨੀਅਰਿੰਗ ਕਾਲਜ ਵਿੱਚ ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਨਬੀਨ ਨੇ ਕਿਹਾ ਕਿ ਭਾਰਤ ਦੀ ਜਨਰੇਸ਼ਨ-ਜ਼ੈੱਡ ਸਥਾਪਨਾ-ਵਿਰੋਧੀ ਨਹੀਂ ਹੈ ਅਤੇ ਇਸ ਦੀ ਬਜਾਏ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾ ਰਹੀ ਹੈ, ਨਾਲ ਹੀ ਤਿਲੰਗਾਨਾ ਫੇਰੀ ਦੌਰਾਨ, ਜਿੱਥੇ ਉਨ੍ਹਾਂ ਨੇ ਲਗਪਗ ਦੋ ਸਾਲਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਵਰਕਰਾਂ ਨੂੰ ਤਿਆਰ ਕਰਨ ਦੀ ਕੋਸ਼ਿਸ਼ ਕੀਤੀ, ਨਵੀਨ ਨੇ ਰੇਵੰਤ ਰੈੱਡੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੂੰ ਵੀ ਨਿਸ਼ਾਨਾ ਬਣਾਇਆ ਅਤੇ ਦੋਸ਼ ਲਾਇਆ ਕਿ ਪਾਰਟੀ ਕੋਲ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਦਾ ਇਤਿਹਾਸ ਹੈ।

ਉਨ੍ਹਾਂ ਨੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 'ਤੇ ਵੀ ਤਨਜ਼ ਕੱਸਦਿਆਂ ਕਿਹਾ ਕਿ ਕਾਂਗਰਸ ਨੇਤਾ ਰਾਹੁਲ ਬਾਬਾ ਇੱਕ ਪਾਰਟ-ਟਾਈਮ ਰਾਜਨੇਤਾ ਹਨ, ਪਰ ਭਾਜਪਾ ਦਾ ਵਰਕਰ ਇੱਕ ਫੁੱਲ-ਟਾਈਮ ਰਾਜਨੇਤਾ ਹੈ।

# ਦੀਪਕੇ ਵੱਲੋਂ ਪੁਲੀਸ 'ਤੇ ਸਮਰਥਕਾਂ ਨੂੰ ਰੋਕਣ ਦੇ ਦੋਸ਼; ਸੋਨਮ ਵਾਂਗਚੁਕ ਦੀ ਸਿਹਤ ਵਿਗੜਨ ਲੱਗੀ

**ਨਵੀਂ ਦਿੱਲੀ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਕਰੋਚ ਜਨਤਾ ਪਾਰਟੀ (ਸੀਜੇਪੀ) ਵੱਲੋਂ ਜੰਤਰ-ਮੰਤਰ ਵਿਖੇ ਦਿੱਤਾ ਜਾ ਰਿਹਾ ਧਰਨਾ ਮੰਗਲਵਾਰ ਨੂੰ 11ਵੇਂ ਦਿਨ ਵਿੱਚ ਦਾਖ਼ਲ ਹੋ ਗਿਆ। ਇਸ ਦੌਰਾਨ ਸੀਜੇਪੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਦੋਸ਼ ਲਾਇਆ ਕਿ ਪੁਲੀਸ ਵੱਲੋਂ ਭਾਰੀ ਤਾਇਨਾਤੀ ਕਰਕੇ ਸਮਰਥਕਾਂ ਨੂੰ ਧਰਨਾ ਸਥਾਨ 'ਤੇ ਜਾਣ ਤੋਂ ਰੋਕਿਆ ਜਾ ਰਿਹਾ ਹੈ।




ਇਸੇ ਦੌਰਾਨ ਸਮਾਜਿਕ ਕਾਰਕੁਨ ਸੋਨਮ ਵਾਂਗਚੁਕ ਦੀ ਸਿਹਤ ਵਿੱਚ ਗਿਰਾਵਟ ਦਰਜ ਕੀਤੀ ਗਈ। ਭੁੱਖ ਹੜਤਾਲ ਦੇ ਤੀਜੇ ਦਿਨ ਉਨ੍ਹਾਂ ਦਾ ਖ਼ੂਨ ਵਿੱਚ ਸ਼ੂਗਰ ਪੱਧਰ ਘਟ ਕੇ 66 ਤੱਕ ਪਹੁੰਚ ਗਿਆ। ਦੀਪਕੇ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਕੀਤੀ ਪੋਸਟ ਵਿੱਚ ਦੋਸ਼ ਲਾਇਆ ਕਿ ਪੁਲੀਸ ਲੋਕਾਂ ਨੂੰ ਧਰਨਾ ਸਥਾਨ ਵਿੱਚ ਦਾਖ਼ਲ ਨਹੀਂ ਹੋਣ ਦੇ ਰਹੀ ਅਤੇ ਪਾਰਟੀ ਦੇ ਕਈ ਮੁੱਖ ਮੈਂਬਰਾਂ ਨੂੰ ਵੀ ਅੰਦਰ ਜਾਣ ਤੋਂ ਰੋਕਿਆ ਜਾ ਰਿਹਾ ਹੈ।

# 200 ਫੁੱਟ ਡੂੰਘੇ ਬੋਰਵੈੱਲ 'ਚ ਡਿੱਗਿਆ ਚਾਰ ਸਾਲਾ ਮਾਸੂਮ ; ਫ਼ੌਜ ਵੱਲੋਂ ਬਚਾਅ ਕਾਰਜ ਜਾਰੀ



**ਅੰਬਾਲਾ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬਾਲਾ ਜ਼ਿਲ੍ਹੇ ਦੇ ਧਨੌਰਾ ਪਿੰਡ ਵਿੱਚ ਅੱਜ ਸਵੇਰੇ ਕਰੀਬ ਚਾਰ ਸਾਲ ਦਾ ਇਕ ਬੱਚਾ ਖੁੱਲ੍ਹੇ ਬੋਰਵੈੱਲ ਵਿੱਚ ਡਿੱਗ ਗਿਆ, ਜਿਸ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਵੱਡੇ ਪੱਧਰ 'ਤੇ ਬਚਾਅ ਅਭਿਆਨ ਜਾਰੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਬੱਚੇ ਦੀ ਪਛਾਣ ਨਿਰਭੈ ਵਜੋਂ ਹੋਈ ਹੈ। ਸਵੇਰੇ ਕਰੀਬ 7 ਵਜੇ ਉਹ ਆਪਣੇ ਪਰਿਵਾਰਕ ਮੈਂਬਰਾਂ ਨਾਲ ਖੇਤਾਂ ਵਿੱਚ ਗਿਆ ਹੋਇਆ ਸੀ। ਇਸ ਦੌਰਾਨ ਉਹ ਅਚਾਨਕ ਖੁੱਲ੍ਹੇ ਬੋਰਵੈੱਲ ਵਿੱਚ ਡਿੱਗ ਪਿਆ। ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਪੁਲੀਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਬਚਾਅ ਕਾਰਜ ਲਈ ਐਨਡੀਆਰਐਫ, ਐਸਡੀਆਰਐਫ ਅਤੇ ਫੌਜ ਦੀਆਂ ਟੀਮਾਂ ਨੂੰ ਵੀ ਤਾਇਨਾਤ ਕੀਤਾ ਗਿਆ ਹੈ।

**ਡੀਸੀ ਅਤੇ ਸੀਨੀਅਰ ਅਧਿਕਾਰੀ ਮੌਕੇ 'ਤੇ ਮੌਜੂਦ**

ਡਿਪਟੀ ਕਮਿਸ਼ਨਰ ਅੰਬਾਲਾ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਕੇ 'ਤੇ ਮੌਜੂਦ ਰਹਿ ਕੇ ਰਾਹਤ ਕਾਰਜਾਂ ਦੀ ਨਿਗਰਾਨੀ ਕਰ ਰਹੇ ਹਨ। ਦੱਸਿਆ ਗਿਆ ਹੈ ਕਿ ਬੋਰਵੈੱਲ 200 ਫੁੱਟ ਤੋਂ ਵੱਧ ਡੂੰਘਾ ਹੈ। ਪ੍ਰਸ਼ਾਸਨ ਨੇ ਬਚਾਅ ਅਭਿਆਨ ਲਈ ਭਾਰੀ ਮਸ਼ੀਨਰੀ ਤਾਇਨਾਤ ਕੀਤੀ ਹੈ। ਬੱਚੇ ਦੀ ਸਥਿਤੀ ਅਤੇ ਹਰਕਤ 'ਤੇ ਨਜ਼ਰ ਰੱਖਣ ਲਈ ਕੈਮਰੇ ਦੀ ਮਦਦ ਲਈ ਜਾ ਰਹੀ ਹੈ। ਪ੍ਰਸ਼ਾਸਨ ਵੱਲੋਂ ਬੱਚੇ ਨੂੰ ਜਲਦੀ ਅਤੇ ਸੁਰੱਖਿਅਤ ਢੰਗ ਨਾਲ ਬਾਹਰ ਕੱਢਣ ਦੇ ਯਤਨ ਜਾਰੀ ਹਨ।

# ਕੇਂਦਰੀ ਖੇਤੀਬਾੜੀ ਮੰਤਰੀ ਅਤੇ ਨਾਇਬ ਸਿੰਘ ਸੈਣੀ ਦੀ ਮੌਜੂਦਗੀ ਵਿੱਚ 'ਖੇਤ ਬਚਾਓ ਮੁਹਿੰਮ' ਦਾ ਰਾਸ਼ਟਰੀ ਸਮਾਪਤੀ ਸਮਾਰੋਹ ਆਯੋਜਿਤ

**ਰੇਵਾੜੀ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਭਰ ਵਿੱਚ ਕਿਸਾਨਾਂ ਨੂੰ ਟਿਕਾਊ ਅਤੇ ਲਾਭਕਾਰੀ ਖੇਤੀ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੁਆਰਾ ਚਲਾਈ ਗਈ 'ਖੇਤ ਬਚਾਓ ਮੁਹਿੰਮ' ਦਾ ਮੰਗਲਵਾਰ ਨੂੰ ਹਰਿਆਣਾ ਦੇ ਰਿਵਾੜੀ ਵਿੱਚ ਸ਼ਾਨਦਾਰ ਸਮਾਪਤੀ ਸਮਾਰੋਹ ਆਯੋਜਿਤ ਕੀਤਾ ਗਿਆ। ਸਮਾਰੋਹ ਵਿੱਚ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਮੁੱਖ ਮਹਿਮਾਨ ਵਜੋਂ ਮੌਜੂਦ ਰਹੇ, ਜਦੋਂਕਿ ਪ੍ਰੋਗਰਾਮ ਦੀ ਪ੍ਰਧਾਨਗੀ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕੀਤੀ।



ਇਸ ਮੌਕੇ 'ਤੇ ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਆਮ ਸਿੰਘ ਰਾਣਾ, ਭਾਰਤੀ ਖੇਤੀ ਖੋਜ ਪ੍ਰੀਸ਼ਦ ਦੇ ਡਾਇਰੈਕਟਰ ਜਨਰਲ ਡਾ. ਮੰਗੀਲਾਲ ਜਾਟ ਦੀ ਗਰਿਮਾਮਈ ਮੌਜੂਦਗੀ ਰਹੀ। ਪ੍ਰੋਗਰਾਮ ਵਿੱਚ ਚੌਧਰੀ ਚਰਨ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ਹਿਸਾਰ ਦੇ ਵਾਈਸ ਚਾਂਸਲਰ ਪ੍ਰੋਫੈਸਰ ਬਲਦੇਵ ਰਾਜ ਕੰਬੋਜ ਨੇ ਸਾਰੇ ਮਹਿਮਾਨਾਂ ਦਾ ਸਮਾਰੋਹ ਵਿੱਚ ਪਹੁੰਚਣ 'ਤੇ ਸਵਾਗਤ ਕੀਤਾ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ।

ਰਿਵਾੜੀ ਜ਼ਿਲ੍ਹੇ ਦੇ ਬਾਵਲ ਸਥਿਤ ਖੇਤੀਬਾੜੀ ਕਾਲਜ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਕੇਂਦਰੀ ਖੇਤੀਬਾੜੀ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸਾਂਝੇ ਤੌਰ 'ਤੇ ਖੇਤੀਬਾੜੀ ਦੇ ਨਵੀਨਤਮ ਖੋਜਾਂ 'ਤੇ ਆਧਾਰਿਤ ਖੇਤੀ-ਉਦਯੋਗਿਕ ਪ੍ਰਦਰਸ਼ਨੀ ਅਤੇ ਹਰਿਆਣਾ ਐੱਫ.ਪੀ.ਓ. ਮਿਸ਼ਨ-2026 ਦੀ ਸ਼ੁਰੂਆਤ ਵੀ ਕੀਤੀ।

# ਚੰਡੀਗੜ੍ਹ ਰੈੱਡ ਕਰਾਸ ਨੇ ਯੂ.ਟੀ. ਸਕੱਤਰੇਤ ਵਿਖੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ



**ਚੰਡੀਗੜ੍ਹ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਰੈੱਡ ਕਰਾਸ ਸੋਸਾਇਟੀ ਨੇ ਅੱਜ ਯੂ.ਟੀ. ਸਕੱਤਰੇਤ ਭਵਨ, ਸੈਕਟਰ 9-ਡੀ, ਚੰਡੀਗੜ੍ਹ ਵਿਖੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ। ਕੈਂਪ ਦਾ ਉਦਘਾਟਨ ਚੰਡੀਗੜ੍ਹ ਪ੍ਰਸ਼ਾਸਨ ਦੇ ਸਕੱਤਰ ਇੰਜੀਨੀਅਰਿੰਗ, ਸੁਸ਼੍ਰੀ ਪ੍ਰੇਰਣਾ ਪੁਰੀ, ਆਈਏਐੱਸ ਅਤੇ ਐਡੀਸ਼ਨਲ ਡਿਪਟੀ ਕਮਿਸ਼ਨਰ-ਅਤੇ-ਸਕੱਤਰ, ਚੰਡੀਗੜ੍ਹ ਰੈੱਡ ਕਰਾਸ ਸੋਸਾਇਟੀ ਸ਼੍ਰੀ ਅਮਨਦੀਪ ਸਿੰਘ ਭੱਟੀ, ਪੀਸੀਐੱਸ ਨੇ ਕੀਤਾ। ਇਸ ਅਵਸਰ 'ਤੇ ਉਨ੍ਹਾਂ ਦਾ ਸੁਆਗਤ ਚੰਡੀਗੜ੍ਹ ਰੈੱਡ ਕਰਾਸ ਸੋਸਾਇਟੀ ਦੇ ਨੋਡਲ ਅਫ਼ਸਰ-ਅਤੇ-ਸੁਪਰਡੈਂਟ ਸੁਸ਼੍ਰੀ ਪੂਨਮ ਮਲਿਕ ਨੇ ਕੀਤਾ।

ਇਸ ਅਵਸਰ 'ਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਹੋਰ ਸੀਨੀਅਰ ਅਧਿਕਾਰੀ, ਜਿਨ੍ਹਾਂ ਵਿੱਚ ਮੁੱਖ ਇੰਜੀਨੀਅਰ ਸ਼੍ਰੀ ਸੀ. ਬੀ. ਓਝਾ, ਸੁਪਰਡੈਂਟ ਇੰਜੀਨੀਅਰ ਅਤੇ ਯੂ.ਟੀ. ਸਕੱਤਰੇਤ ਦੇ ਹੋਰ ਸੀਨੀਅਰ ਅਧਿਕਾਰੀ ਵੀ ਉਪਸਥਿਤ ਰਹੇ। ਸਾਰੇ ਅਧਿਕਾਰੀਆਂ ਨੇ ਸਵੈ-ਇੱਛਤ ਖ਼ੂਨਦਾਨ ਜਿਹੇ ਮਹਾਨ ਕਾਰਜ ਨੂੰ ਪ੍ਰੋਤਸਾਹਿਤ ਕੀਤਾ।

ਖ਼ੂਨਦਾਨ ਕੈਂਪ ਦੌਰਾਨ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ (ਜੀਐੱਮਸੀਐੱਚ/7$38), ਸੈਕਟਰ 32, ਚੰਡੀਗੜ੍ਹ ਦੀ ਟੀਮ, ਡਾ. ਰਵਨੀਤ ਕੌਰ, ਡਾਇਰੈਕਟਰ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ (ਜੀਐੱਮਸੀਐੱਚ/7$38) -32 ਦੇ ਮਾਰਗਦਰਸ਼ਨ ਵਿੱਚ ਉਪਸਥਿਤ ਰਹੀ ਅਤੇ ਖ਼ੂਨਦਾਨ ਅਤੇ ਸੰਪੂਰਨ ਪ੍ਰਕਿਰਿਆ ਦੇ ਸੁਚਾਰੂ ਸੰਚਾਲਨ ਨੂੰ ਸੁਨਿਸ਼ਚਿਤ ਕੀਤਾ।

ਵਿਸ਼ਵਾਸ ਫਾਊਂਡੇਸ਼ਨ ਨੇ ਸਵੈ-ਇੱਛਤ ਖ਼ੂਨਦਾਨੀਆਂ ਨੂੰ ਰਿਫਰੈਸ਼ਮੈਂਟ ਅਤੇ ਤੋਹਫ਼ੇ ਉਪਲਬਧ ਕਰਵਾ ਕੇ ਕੈਂਪ ਦੀ ਸਫ਼ਲਤਾ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ।

ਕੈਂਪ ਵਿੱਚ ਸਵੈ-ਇੱਛਤ ਖ਼ੂਨਦਾਨੀਆਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ ਅਤੇ 50 ਤੋਂ ਅਧਿਕ ਯੂਨਿਟ ਖ਼ੂਨ ਇਕੱਠਾ ਕੀਤਾ ਗਿਆ।

ਚੰਡੀਗੜ੍ਹ ਰੈੱਡ ਕਰਾਸ ਸੋਸਾਇਟੀ ਨੇ ਸਾਰੇ ਸਵੈ-ਇੱਛਤ ਖ਼ੂਨਦਾਨੀਆਂ, ਡਾ. ਰਵਨੀਤ ਕੌਰ ਅਤੇ ਜੀਐੱਮਸੀਐੱਚ-32 ਦੀ ਟੀਮ, ਵਿਸ਼ਵਾਸ ਫਾਊਂਡੇਸ਼ਨ ਅਤੇ ਕੈਂਪ ਦੇ ਸਫ਼ਲ ਆਯੋਜਨ ਵਿੱਚ ਸਹਿਯੋਗ ਦੇਣ ਵਾਲੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਪ੍ਰਤੀ ਹਾਰਦਿਕ ਆਭਾਰ ਵਿਅਕਤ ਕੀਤਾ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪ੍ਰਕਾਸ਼ ਪੁਰਬ : ਤਖ਼ਤ ਨੂੰ ਢਾਹ ਲਾਉਣ ਵਾਲੀਆਂ ਤਾਕਤਾਂ ਤੋਂ ਸੁਚੇਤ ਰਹੇ ਕੌਮ: ਜਥੇਦਾਰ ਗੜਗੱਜ

**ਅੰਮ੍ਰਿਤਸਰ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਸੰਗਤ ਨੂੰ ਆਪਸ ਵਿੱਚ ਇੱਕਜੁੱਟ (ਇੱਕਮੁੱਠ) ਹੋਣ ਦਾ ਸੱਦਾ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਨੌਜਵਾਨ ਪੀੜ੍ਹੀ ਨੂੰ ਬਾਣੀ ਅਤੇ ਬਾਣੇ (ਸਿੱਖ ਪਹਿਰਾਵੇ ਅਤੇ ਸਿਧਾਂਤਾਂ) ਨਾਲ ਜੁੜਨ ਦੀ ਖ਼ਾਸ ਪ੍ਰੇਰਨਾ ਦਿੱਤੀ।



ਇਸ ਪਵਿੱਤਰ ਦਿਹਾੜੇ ਦੇ ਸਬੰਧ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਰਾਗੀ ਜਥਿਆਂ ਵੱਲੋਂ ਇਲਾਹੀ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਹ ਪ੍ਰਕਾਸ਼ ਪੁਰਬ ਸ੍ਰੀ ਹਰਿਮੰਦਰ ਸਾਹਿਬ ਸਮੂਹ (ਕੰਪਲੈਕਸ) ਵਿੱਚ ਪੂਰੀ ਸ਼ਰਧਾ, ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਸੰਗਤ ਨੂੰ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦੇ ਹੋਏ ਜਥੇਦਾਰ ਗੜਗੱਜ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਅਤੇ ਇਤਿਹਾਸ ਬਾਰੇ ਸੰਗਤ ਨੂੰ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਨੇ ਸਿੱਖ ਕੌਮ ਨੂੰ ਗੁਲਾਮੀ ਦੇ ਅਹਿਸਾਸ ਵਿੱਚੋਂ ਬਾਹਰ ਕੱਢਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ ਸੀ ਅਤੇ ਉਸ ਸਮੇਂ ਦੇ ਜ਼ਾਲਮ ਹਾਕਮਾਂ ਨੂੰ ਵੰਗਾਰਿਆ ਸੀ। ਉਸ ਵਕਤ ਗੁਰੂ ਸਾਹਿਬ ਨੇ ਖੁਦ ਮੀਰੀ ਅਤੇ ਪੀਰੀ ਦੀਆਂ ਦੋ ਤੇਗਾਂ (ਤਲਵਾਰਾਂ) ਧਾਰਨ ਕੀਤੀਆਂ ਸਨ।

**ਕੌਮ ਨੂੰ ਸੁਚੇਤ ਹੋਣ ਦੀ ਅਪੀਲ**

ਜਥੇਦਾਰ ਗੜਗੱਜ ਨੇ ਆਖਿਆ ਕਿ ਗੁਰੂ ਸਾਹਿਬ ਵੱਲੋਂ ਬਖਸ਼ੀਆਂ ਇਹਨਾਂ ਕਿਰਪਾਨਾਂ ਨੇ ਹੀ ਸਾਨੂੰ ਗੁਲਾਮੀ ਤੋਂ ਆਜ਼ਾਦੀ ਦਿਵਾਈ ਸੀ, ਪਰ ਅਫ਼ਸੋਸ ਕਿ ਅੱਜ ਉਹਨਾਂ ਕਿਰਪਾਨਾਂ ਨੂੰ ਉਤਾਰਨ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਉਹ ਅਜਿਹੀਆਂ ਤਾਕਤਾਂ ਦੀ ਪਛਾਣ ਕਰਨ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਕੌਮ ਦੇ ਵਕਾਰ ਨੂੰ ਢਾਹ ਲਾਉਣ (ਨੁਕਸਾਨ ਪਹੁੰਚਾਉਣ) ਦੀ ਕੋਸ਼ਿਸ਼ ਕਰ ਰਹੀਆਂ ਹਨ।

ਇਸ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਵੱਡੀ ਗਿਣਤੀ ਵਿੱਚ ਸੰਗਤ ਪਹੁੰਚੀ ਹੋਈ ਹੈ। ਇਸ ਮੁੱਖ ਪ੍ਰਕਾਸ਼ ਪੁਰਬ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅਤੇ ਦੇਸ਼-ਵਿਦੇਸ਼ ਤੋਂ ਆਈ ਸੰਗਤ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਈ।

# ਹਲਦੀਆ ਪੈਟਰੋਕੈਮੀਕਲਜ਼ ਦੀ ਨੈਫ਼ਥਾ ਪਾਈਪਲਾਈਨ 'ਚ ਭਿਆਨਕ ਅੱਗ, 10 ਤੋਂ ਵੱਧ ਲੋਕ ਜ਼ਖ਼ਮੀ

**ਮੇਦਿਨੀਪੁਰ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੱਛਮੀ ਬੰਗਾਲ ਦੇ ਪੂਰਬੀ ਮੇਦਿਨੀਪੁਰ ਜ਼ਿਲ੍ਹੇ ਵਿੱਚ ਸਥਿਤ ਹਲਦੀਆ ਪੈਟਰੋਕੈਮੀਕਲਜ਼ ਦੀ ਇੱਕ ਨੈਫ਼ਥਾ ਪਾਈਪਲਾਈਨ ਵਿੱਚ ਮੰਗਲਵਾਰ ਤੜਕਸਾਰ ਭਿਆਨਕ ਅੱਗ ਲੱਗਣ ਕਾਰਨ 10 ਤੋਂ ਵੱਧ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਅਧਿਕਾਰੀਆਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਪਾਈਪਲਾਈਨ ਵਿੱਚੋਂ ਅਚਾਨਕ ਅੱਗ ਦੀਆਂ ਲਪਟਾਂ ਨਿਕਲਣ ਲੱਗੀਆਂ।

**ਅੱਗ 'ਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਜਾਰੀ**

ਪੁਲਿਸ ਅਤੇ ਪ੍ਰਸ਼ਾਸਨਿਕ ਸੂਤਰਾਂ ਮੁਤਾਬਕ ਅੱਗ ਸਭ ਤੋਂ ਪਹਿਲਾਂ ਤੜਕੇ ਤਕਰੀਬਨ 2:45 ਵਜੇ ਦੇਖੀ ਗਈ ਸੀ। ਨੈਫ਼ਥਾ ਦੀ ਗੰਭੀਰ ਜਲਣਸ਼ੀਲਤਾ ਕਾਰਨ ਅੱਗ ਨੇ ਬੜੀ ਤੇਜ਼ੀ ਨਾਲ ਭਿਆਨਕ ਰੂਪ ਧਾਰਨ ਕਰ ਲਿਆ



ਅਤੇ ਹਲਦੀਆ ਨਗਰ ਪਾਲਿਕਾ ਦੇ ਵਾਰਡ ਨੰਬਰ 13 ਅਧੀਨ ਪੈਂਦੇ ਚਿਰੰਜੀਬਪੁਰ ਇਲਾਕੇ ਤੱਕ ਫੈਲ ਗਈ। ਇਸ ਦੀ ਲਪੇਟ ਵਿੱਚ ਆਉਣ ਕਾਰਨ ਆਸ-ਪਾਸ ਦੇ ਕਈ ਰਿਹਾਇਸ਼ੀ ਘਰ ਵੀ ਸੜ ਕੇ ਸੁਆਹ ਹੋ ਗਏ ਹਨ। ਹਾਦਸੇ ਦੀ ਸੂਚਨਾ ਮਿਲਦੇ ਹੀ ਫ਼ਾਇਰ ਬ੍ਰਿਗੇਡ ਦੀਆਂ 12 ਗੱਡੀਆਂ ਮੌਕੇ 'ਤੇ ਭੇਜੀਆਂ ਗਈਆਂ, ਜੋ ਲਗਾਤਾਰ ਅੱਗ 'ਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਵਿੱਚ ਜੁਟੀਆਂ ਹੋਈਆਂ ਹਨ।

ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪ੍ਰਭਾਵਿਤ ਖੇਤਰ ਵਿੱਚੋਂ ਜ਼ਖ਼ਮੀਆਂ ਨੂੰ ਤੁਰੰਤ ਕੱਢ ਕੇ ਹਲਦੀਆ ਸਬ-ਡਿਵੀਜ਼ਨਲ ਹਸਪਤਾਲ ਪਹੁੰਚਾਇਆ ਗਿਆ। ਉਨ੍ਹਾਂ ਵਿੱਚੋਂ ਪੰਜ ਜਣਿਆਂ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਤਾਮਲੁਕ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਰੈਫ਼ਰ ਕਰ ਦਿੱਤਾ ਗਿਆ ਹੈ, ਜਿੱਥੇ ਦੋ ਮਰੀਜ਼ਾਂ ਦੀ ਹਾਲਤ ਬੇਹੱਦ ਨਾਜ਼ੁਕ ਬਣੀ ਹੋਈ ਹੈ।

ਪੁਲਿਸ ਅਧਿਕਾਰੀ ਨੇ ਅੱਗੇ ਦੱਸਿਆ, ਸੁਰੱਖਿਆ ਦੇ ਲਿਹਾਜ਼ ਨਾਲ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਹੈ ਅਤੇ ਅੱਗ ਬੁਝਾਊ ਅਮਲਾ ਸਥਿਤੀ 'ਤੇ ਕਾਬੂ ਪਾਉਣ ਲਈ ਮੁਸਤੈਦ ਹੈ। ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਇੱਕ ਡੂੰਘੀ ਅਤੇ ਵਿਸਥਾਰਤ ਜਾਂਚ ਤੋਂ ਬਾਅਦ ਹੀ ਲੱਗ ਸਕੇਗਾ। ਇਸ ਭਿਆਨਕ ਅੱਗ ਕਾਰਨ ਘਟਨਾ ਸਥਾਨ ਦੇ ਨੇੜਿਓਂ ਲੰਘਦੀਆਂ ਰੇਲ ਲਾਈਨਾਂ ਦੀਆਂ ਓਵਰਹੈੱਡ ਬਿਜਲੀ ਤਾਰਾਂ ਅਤੇ ਹੋਰ ਉਪਕਰਨਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ, ਜਿਸ ਕਾਰਨ ਇਲਾਕੇ ਵਿੱਚ ਰੇਲ ਸੇਵਾਵਾਂ ਪੂਰੀ ਤਰ੍ਹਾਂ ਠੱਪ ਹੋ ਗਈਆਂ ਹਨ।

# ਗਰਮੀ ਦੀ ਭਿਆਨਕ ਮਾਰ: ਅਸਮਾਨੋਂ ਵਰ੍ਹਦੀ ਅੱਗ ਕਾਰਨ ਜਨਜੀਵਨ ਪ੍ਰਭਾਵਿਤ, ਉੱਤੋਂ ਲੰਬੇ ਬਿਜਲੀ ਕੱਟਾਂ ਨੇ ਕੱਢਿਆ ਲੋਕਾਂ ਦਾ ਦਮ

**ਕਿਸਾਨਾਂ ਦੇ ਖੇਤ ਸੁੱਕਣ ਲੱਗੇ, ਖੇਤੀ ਸੈਕਟਰ ਅਤੇ ਘਰੇਲੂ ਖਪਤਕਾਰ ਲੰਬੇ ਬਿਜਲੀ ਕੱਟਾਂ ਤੋਂ ਪਰੇਸ਼ਾਨ**

**ਚੰਡੀਗੜ੍ਹ, 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਪੈ ਰਹੀ ਹੁੰਮਸ ਭਰੀ ਅਸਹਿ ਗਰਮੀ ਅਤੇ ਲਗਾਤਾਰ ਲੱਗ ਰਹੇ ਅਣਐਲਾਨੇ ਬਿਜਲੀ ਕੱਟਾਂ ਨੇ ਆਮ ਲੋਕਾਂ ਦਾ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਤਾਪਮਾਨ 45 ਡਿਗਰੀ ਸੈਲਸੀਅਸ ਦੇ ਨੇੜੇ ਪਹੁੰਚਣ ਕਾਰਨ ਜਿੱਥੇ ਆਮ ਲੋਕਾਂ ਦਾ ਬੁਰਾ ਹਾਲ ਹੈ, ਉੱਥੇ ਹੀ ਝੋਨੇ ਦੇ ਸੀਜ਼ਨ ਦੌਰਾਨ ਬਿਜਲੀ ਦੀ ਨਾਕਾਫ਼ੀ ਸਪਲਾਈ ਨੇ ਕਿਸਾਨਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਬਠਿੰਡਾ ਜ਼ਿਲ੍ਹੇ ਦੇ ਕਿਸਾਨਾਂ ਬਲਦੇਵ ਸਿੰਘ, ਸੁਖਰਾਜ ਸਿੰਘ, ਰਾਮ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਰੋਸ਼ਨ ਸਿੰਘ ਨੇ ਦੱਸਿਆ ਕਿ ਝੋਨੇ ਦੀ ਫ਼ਸਲ ਨੂੰ ਇਸ ਸਮੇਂ ਨਿਯਮਤ ਪਾਣੀ ਦੀ ਸਖ਼ਤ ਲੋੜ ਹੈ, ਪਰ ਬਿਜਲੀ ਕੱਟਾਂ ਕਾਰਨ ਖੇਤ ਸੁੱਕਣ ਲੱਗੇ ਹਨ।



ਕਿਸਾਨਾਂ ਦਾ ਕਹਿਣਾ ਹੈ ਕਿ ਬਿਜਲੀ ਕੱਟ ਲੱਗਣ ਤੋਂ ਬਾਅਦ ਸਪਲਾਈ ਬਹਾਲ ਹੋਣ ਵਿੱਚ ਵੀ ਕਾਫ਼ੀ ਸਮਾਂ ਲੱਗਦਾ ਹੈ, ਜਿਸ ਨਾਲ ਉਨ੍ਹਾਂ ਨੂੰ ਭਾਰੀ ਆਰਥਿਕ ਨੁਕਸਾਨ ਹੋਣ ਦਾ ਡਰ ਹੈ। ਮੋਗਾ ਖੇਤਰ ਦੇ ਕਿਸਾਨ ਆਗੂ ਸੁੱਖ ਗਿੱਲ ਨੇ ਦੋਸ਼ ਲਾਇਆ ਕਿ ਸਰਕਾਰ ਸਮੇਂ ਸਿਰ ਬਿਜਲੀ ਦੀ ਮੰਗ ਪੂਰੀ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਜਿੱਥੇ ਅਕਾਲੀ ਦਲ ਦੀ ਸਰਕਾਰ ਸਮੇਂ ਪੰਜਾਬ ਨੂੰ 'ਪਾਵਰ ਪਲੱਸ ਸੂਬਾ' ਬਣਾਇਆ ਗਿਆ ਸੀ, ਉੱਥੇ ਮੌਜੂਦਾ ਸਰਕਾਰ ਝੋਨੇ ਦੇ ਸੀਜ਼ਨ ਵਿੱਚ ਵੀ ਨਿਰਵਿਘਨ ਬਿਜਲੀ ਦੇਣ ਵਿੱਚ ਅਸਫ਼ਲ ਰਹੀ ਹੈ। ਦੂਜੇ ਪਾਸੇ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਸਕੱਤਰ ਕਾਮਰੇਡ ਬਲਕਰਨ ਸਿੰਘ ਬਰਾੜ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਸਰਕਾਰ ਨੂੰ 'ਚੁਟਕਲਿਆਂ ਦੀ ਸਰਕਾਰ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰ ਖੇਤਰ ਵਿੱਚ ਫੇਲ੍ਹ ਰਹੀ ਇਹ ਸਰਕਾਰ ਕਿਸਾਨਾਂ ਨੂੰ ਬਿਜਲੀ ਦੇਣ ਵਿੱਚ ਵੀ ਨਾਕਾਮ ਰਹੀ ਹੈ।

ਗਰਮੀ ਅਤੇ ਬਿਜਲੀ ਦੇ ਲੱਗ ਰਹੇ ਅਣ ਐਲਾਨੇ ਕੱਟਾ ਨਾਲ ਲੋਕ ਜੀਵਨ ਪੂਰੀ ਤਰ੍ਹਾਂ ਡਗਮਗਾ ਗਿਆ ਹੈ। ਕੱਲ੍ਹ ਇਸ ਖੇਤਰ ਵਿੱਚ ਤਾਪਮਾਨ ਵੱਧਕੇ 45 ਡਿਗਰੀ ਦੇ ਨੇੜੇ ਪੁੱਜ ਗਿਆ ਜਿਸ ਸਦਕਾ ਬਜ਼ੁਰਗਾਂ ਅਤੇ ਬੱਚਿਆਂ ਨੂੰ ਭਾਰੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ। ਇਸੇ ਦੌਰਾਨ ਵਧੀ ਗਰਮੀ ਸਦਕਾ ਬਿਜਲੀ ਦੀ ਯਕਦਮ ਮੰਗ ਵੱਧ ਜਾਣ ਕਾਰਨ ਵਿਭਾਗ ਨੂੰ ਬਿਜਲੀ ਦੀ ਪੂਰਤੀ ਕਰਨ ਵਿੱਚ ਮੁਸ਼ਕਲ ਬਣੀ ਹੋਈ ਹੈ।

ਬਿਜਲੀ ਵਿਭਾਗ ਹੁਣ ਅਣ-ਐਲਾਨੇ ਬਿਜਲੀ ਕੱਟਾਂ ਦਾ ਸਹਾਰਾ ਲੈਣ ਸ਼ੁਰੂ ਕਰ ਲਿਆ ਹੈ। ਜਿਸ ਸਦਕਾ ਲੋਕਾਂ ਨੂੰ ਹੋਰ ਵੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਧਰ ਕਿਸਾਨ ਝੋਨੇ ਦੀ ਬਿਜਾਈ ਵਿੱਚ ਲੱਗੇ ਹੋਏ ਹਨ ਜਿਸ ਲਈ ਖੇਤਾ ਨੂੰ ਪਾਣੀ ਦੀ ਲੋੜ ਹੈ। ਗਰਮੀ ਵੱਧ ਜਾਣ ਨਾਲ ਖੇਤੀ ਲਈ ਬਿਜਲੀ ਵੀ ਪ੍ਰਭਾਵਿਤ ਹੋਣ ਲੱਗੀ ਹੈ।

ਕਿਸਾਨ ਜਥੇਬੰਦੀਆਂ ਨੇ ਬਿਜਲੀ ਦੀ ਘਾਟ ਨੂੰ ਲੈਕੇ ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਕਿਸਾਨ ਆਗੂ ਸੁੱਖ ਗਿੱਲ ਮੋਗਾ ਨੇ ਇਲਜ਼ਾਮ ਲਗਾਉਂਦੇ ਹੋਏ ਕਿਹਾ ਕਿ ਸਰਕਾਰ ਸਮੇਂ ਰਹਿੰਦੇ ਬਿਜਲੀ ਦੀ ਖ਼ਪਤ ਮੁਤਾਬਕ ਪੂਰਤੀ ਨਹੀਂ ਕਰ ਸਕੀ ਹੈ। ਇਸ ਲਈ ਸੂਬੇ ਦੇ ਲੋਕਾਂ ਨੂੰ ਪਰੇਸ਼ਾਨੀ ਵਿੱਚੋਂ ਲੰਘਣਾ ਪੈ ਰਿਹਾ ਹੈ।

# ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਪੰਜਾਬ ਸਰਕਾਰ ਸਾਲ ਭਰ ਚੱਲਣ ਵਾਲੇ ਸਮਾਗਮਾਂ 'ਤੇ 100 ਕਰੋੜ ਰੁਪਏ ਖਰਚੇਗੀ

**ਸੰਗਰੂਰ; 1 ਜੁਲਾਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਇਤਿਹਾਸਕ ਅਤੇ ਸ਼ਰਧਾ ਪੂਰਵਕ ਮਨਾਉਣ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 50 ਮੋਬਾਈਲ ਡਾਕੂਮੈਂਟਰੀ ਵੈਨਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਹ ਵੈਨਾਂ ਗੁਰੂ ਜੀ ਦੇ ਬਰਾਬਰੀ, ਸਮਾਜਿਕ ਨਿਆਂ, ਸ਼ਰਧਾ ਅਤੇ ਵਿਸ਼ਵਵਿਆਪੀ ਸਾਂਝੀਵਾਲਤਾ ਦੇ ਸਦੀਵੀ ਸੰਦੇਸ਼ ਨੂੰ ਸੂਬੇ ਦੇ ਕੋਨੇ-ਕੋਨੇ ਤੱਕ ਪਹੁੰਚਾਉਣਗੀਆਂ। ਇਸ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗਈ ਮੁਹਿੰਮ ਤਹਿਤ ਐਲ.ਈ.ਡੀ. ਨਾਲ ਲੈਸ ਮੋਬਾਈਲ ਵੈਨਾਂ ਰਾਹੀਂ ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ ਦੇ ਲਗਪਗ 13,000 ਪਿੰਡਾਂ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫੇ ਅਤੇ ਪਵਿੱਤਰ ਸਿੱਖਿਆਵਾਂ 'ਤੇ ਆਧਾਰਤ 30 ਮਿੰਟ ਦੀ ਦਸਤਾਵੇਜ਼ੀ ਦਿਖਾਈ ਜਾਵੇਗੀ। ਇਸ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਹਰ ਘਰ, ਖਾਸ ਕਰਕੇ ਨੌਜਵਾਨ ਪੀੜ੍ਹੀ, ਗੁਰੂ ਜੀ ਦੇ ਭੇਦਭਾਵ ਰਹਿਤ ਬਰਾਬਰੀ ਵਾਲੇ ਸਮਾਜ ਦੀ ਸੇਧ ਤੋਂ ਪ੍ਰੇਰਿਤ ਹੋ ਸਕੇ।

ਇਹ ਪਹਿਲਕਦਮੀ ਭਗਵੰਤ ਮਾਨ ਸਰਕਾਰ ਵੱਲੋਂ 650ਵੇਂ ਪ੍ਰਕਾਸ਼ ਪੁਰਬ ਲਈ ਉਲੀਕੇ ਗਏ ਸਾਲ ਭਰ ਦੇ ਪ੍ਰੋਗਰਾਮਾਂ ਦਾ ਅਹਿਮ ਹਿੱਸਾ ਹੈ, ਜਿਸ ਲਈ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਸਦੀਵੀ ਵਿਰਾਸਤ ਦੇ ਸਨਮਾਨ ਤੇ ਸਤਿਕਾਰ ਅਤੇ ਉਨ੍ਹਾਂ ਦੇ ਸੰਦੇਸ਼ ਦੇ ਵੱਧ ਤੋਂ ਵੱਧ ਪਾਸਾਰ ਲਈ ਸਮਾਗਮਾਂ ਦੀ ਲੜੀ ਵਾਸਤੇ 100 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ।

ਇਸ ਮੌਕੇ ਨੂੰ ਬੇਹੱਦ ਮਾਣ ਵਾਲੀ ਗੱਲ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਇੱਕ ਹੋਰ ਅਜਿਹੀ ਨੇਕ ਪਹਿਲਕਦਮੀ ਹੈ ਜੋ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਪ੍ਰਤੀ ਸੂਬੇ ਦੀ ਸ਼ਰਧਾ ਅਤੇ ਸਤਿਕਾਰ ਨੂੰ ਦਰਸਾਉਂਦੀ ਹੈ। ਮੁੱਖ ਮੰਤਰੀ ਨੇ ਕਿਹਾ, ÷ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਪ੍ਰਤੀ ਆਪਣੀ ਸ਼ਰਧਾ ਅਤੇ ਸਤਿਕਾਰ ਦੇ ਪ੍ਰਤੀਕ ਵਜੋਂ ਇੱਕ ਹੋਰ ਨੇਕ ਪਹਿਲਕਦਮੀ ਦੀ ਸ਼ੁਰੂਆਤ ਕਰਨਾ ਸਾਡੇ ਸਾਰਿਆਂ ਲਈ ਬਹੁਤ ਮਾਣ ਵਾਲੀ ਗੱਲ ਹੈ। ਮੈਂ ਖ਼ੁਸ਼ਕਿਸਮਤ ਹਾਂ ਕਿ ਮੈਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਅਤੇ ਹੁਣ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ ਮਨਾਉਣ ਦਾ ਸੁਭਾਗ ਮਿਲ ਰਿਹਾ ਹੈ।

ਇਨ੍ਹਾਂ ਸਮਾਗਮਾਂ ਪ੍ਰਤੀ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ, ÷ਸੂਬਾ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ ਅਤੇ ਇਸ ਨੇਕ ਕਾਰਜ ਲਈ 100 ਕਰੋੜ ਰੁਪਏ ਦਾ ਬਜਟ ਰਾਖਵਾਂ ਰੱਖਿਆ ਗਿਆ ਹੈ। ਗੁਰੂ ਜੀ ਦੇ ਸੰਦੇਸ਼ ਨੂੰ ਵਿਸ਼ਵ ਭਰ ਵਿੱਚ ਫੈਲਾਉਣਾ ਸਾਡਾ ਸਾਰਿਆਂ ਦਾ ਸਾਂਝਾ ਫ਼ਰਜ਼ ਹੈ।

# ਗਿਆਸਪੁਰਾ ਕਾਂਡ ਦੇ ਮਾਮਲੇ ’ਚ ਪੁਲਸ ਨੂੰ ਐਫ.ਆਈ.ਆਰ. ’ਚ ਬਣਦੀਆਂ ਧਾਰਾਵਾਂ ਜੋੜਨ ਦੇ ਨਿਰਦੇਸ਼: ਹਰਦੀਪ ਗਿੱਲ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 1 ਜੁਲਾਈ। ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਦੇ ਵਾਈਸ ਚੇਅਰਮੈਨ ਹਰਦੀਪ ਸਿੰਘ ਗਿੱਲ ਨੇ ਆਪਣੇ 2 ਦਿਨਾਂ ਦੌਰੇ ਦੌਰਾਨ ਸਥਾਨਕ ਬੱਚਤ ਭਵਨ ’ਚ ਮੀਟਿੰਗ ਕੀਤੀ ਜਿਸ ਵਿੱਚ ਨਗਰ ਨਿਗਮ ਦੇ ਕਮਿਸ਼ਨਰ ਓਜਸਵੀ ਅਲੰਕਾਰ, ਏ.ਡੀ.ਸੀ. ਸ਼ਰੀਮਤੀ ਸ਼ਿਖਾ ਭਗਤ, ਨਗਰ ਨਿਗਮ ਦੇ ਜੁਆਇੰਟ ਕਮਿਸ਼ਨਰ, ਐਸ.ਡੀ.ਐਮ.,ਨਗਰ ਨਿਗਮ ਤੇ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਦੇ ਸੀਨੀਅਰ ਅਧਿਕਾਰੀ ਸ਼ਾਮਲ ਹੋਏ। ਇਸ ਮੌਕੇ ’ਤੇ ਹਰਦੀਪ ਸਿੰਘ ਗਿੱਲ ਨੇ ਕੁਝ ਸਮਾਂ ਪਹਿਲਾ ਗਿਆਸਪੁਰਾ ਵਿਖੇ ਤਿੰਨ ਸਫਾਈ ਕਰਮਚਾਰੀਆਂ ਦੀ ਗੈਸ ਚੜ੍ਹਨ ਨਾਲ ਹੋਈ ਮੌਤ ਦੇ ਮਾਮਲੇ ਵਿੱਚ ਪੁਲਸ ਪ੍ਰਸ਼ਾਸ਼ਨ ਵੱਲੋਂ ਕੀਤੀ ਗਈ ਐਫ.ਆਈ.ਆਰ.ਨੂੰ ਅਧੂਰਾ ਕਰਾਰ ਦਿੰਦੇ ਹੋਏ ਪੁਲਿਸ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਸ ਮਾਮਲੇ ਵਿੱਚ ਬਣਦੀਆਂ ਦੂਜੀਆਂ ਧਾਰਾਵਾਂ ਵੀ ਜੋੜੀਆਂ ਜਾਣ। ਉਨ੍ਹਾਂ ਨਿਗਮ ਕਮਿਸ਼ਨਰ ਨੂੰ ਨਿਰਦੇਸ਼ ਦਿੱਤੇ ਕਿ ਮਾਣਯੋਗ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਮ੍ਰਿਤਕ ਮਜ਼ਦੂਰਾਂ ਦੇ ਪਰਿਵਾਰਾਂ ਨੂੰ 30-30 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਨਾਲ ਹੀ ਦੱਸਿਆ ਕਿ ਅਨੁਸੂਚਿਤ ਜਾਤੀ ਪਰਿਵਾਰਾਂ ਨੂੰ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ 8.25 ਲੱਖ ਰੁਪਏ ਦੀ ਵੱਖਰੀ ਮਾਲੀ ਮਦਦ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇੱਥੇ ਦੇਖਣ ਵਿੱਚ ਆਇਆ ਹੈ ਕਿ ਜਿਲ੍ਹਾ ਮਨੀਟਰਿੰਗ ਕਮੇਟੀਆਂ ਵੀ ਅਧੂਰੀਆਂ ਹਨ ਜਿਨ੍ਹਾਂ ਨੂੰ 15 ਦਿਨਾਂ ਅੰਦਰ ਕੰਪਲੀਟ ਕਰਨ ਲਈ ਨਿਰਦੇਸ਼ ਜਾਰੀ ਕੀਤੇ ਗਏ ਹਨ। ਹਰਦੀਪ ਗਿੱਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਫਾਈ



ਕਰਮਚਾਰੀਆਂ ਲਈ ਫਰੀ ਸੇਫਟੀ ਕਿੱਟਾਂ ਦਿੱਤੀਆਂ ਜਾਂਦੀਆਂ ਹਨ ਪਰ ਨਗਰ ਨਿਗਮ ਤੇ ਨਗਰ ਕੌਂਸਲਾਂ ਦੇ ਅਧਿਕਾਰੀ ਇਸ ਪ੍ਰਤੀ ਲਾਪ੍ਰਵਾਹੀ ਵਰਤਦੇ ਹਨ। ਉਨ੍ਹਾਂ ਕਿਹਾ ਕਿ ਸਫਾਈ ਕਰਮਚਾਰੀ ਕਮਿਸ਼ਨ ਵੱਲੋਂ ਹਰ ਸਾਲ ਸਫਾਈ ਕਰਮਚਾਰੀਆਂ ਦੇ ਮਾਮਲਿਆਂ ਨਾਲ ਜੁੜੀ ਰਿਪੋਰਟ ਦੇਸ਼ ਦੀ ਰਾਸ਼ਟਰਪਤੀ ਤੇ ਮਾਨਯੋਗ ਸੁਪਰੀਟ ਕੋਰਟ ਵਿੱਚ ਜਮਾਂ ਕਰਵਾਈ ਜਾਂਦੀ ਹੈ ਅਤੇ ਹੁਣ ਦਿੱਤੀ ਜਾਣ ਵਾਲੀ ਰਿਪੋਰਟ ਵਿੱਚ ਸਫਾਈ ਮੁਲਾਜਿਮਾਂ ਦੀਆਂ ਮੁਸ਼ਕਿਲਾਂ ਅਤੇ ਲਾਪ੍ਰਵਾਹ ਅਧਿਕਾਰੀਆਂ ਬਾਰੇ ਜਾਣਕਾਰੀ ਦੇ ਕੇ ਕਾਰਵਾਈ ਲਈ ਲਿਖਿਆ ਜਾਵੇਗਾ। ਇਸ ਮੌਕੇ ਹਰਦੀਪ ਗਿੱਲ ਨੇ ਸਫ਼ਾਈ ਕਰਮਚਾਰੀਆਂ ਦੀਆਂ ਲਟਕਦੀਆਂ ਮੰਗਾਂ ਦੀ ਵੀ ਸਮੀਖਿਆ ਕੀਤੀ, ਜਿਨ੍ਹਾਂ ਵਿੱਚ ਦੇਰੀ ਨਾਲ ਮਿਲਣ ਵਾਲੀ ਤਨਖਾਹ, ਈ.ਪੀ.ਐਫ. ਦੀ ਸਮੱਸਿਆ, ਛੁੱਟੀਆਂ ਅਤੇ 2022 ਬੈਚ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਮਾਮਲਾ ਸ਼ਾਮਲ ਹੈ। ਉਨ੍ਹਾਂ ਨੇ ਲੁਧਿਆਣਾ ਨਗਰ ਨਿਗਮ ਨੂੰ ਇਨ੍ਹਾਂ ਸਾਰੇ ਮਸਲਿਆਂ ਨੂੰ ਹੱਲ ਕਰਨ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਹੈ। ਉਨ੍ਹਾਂ ਆਖਿਰ ਵਿੱਚ ਕਿਹਾ ਕਿ ਸਫਾਈ ਕਰਮਚਾਰੀਆਂ ਦੀਆਂ ਮੰਗਾਂ ਨੂੰ ਪੂਰਾ ਕਰਵਾਉਣ ਲਈ ਕਮਿਸ਼ਨ ਬਹੁਤ ਗੰਭੀਰ ਹੈ। ਉਨਾ ਸਾਫ਼ ਚੇਤਾਵਨੀ ਦਿੱਤੀ ਕਿ ਜੇਕਰ ਸਥਾਨਕ ਪੁਲਿਸ, ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਿੱਤੇ ਗਏ ਸਮੇਂ ਦੇ ਅੰਦਰ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਵਿੱਚ ਨਾਕਾਮ ਰਹਿੰਦੇ ਹਨ, ਤਾਂ ਇਹ ਮਾਮਲਾ ਸਿੱਧਾ ਭਾਰਤ ਦੇ ਸੁਪਰੀਮ ਕੋਰਟ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਤਾਂ ਜੋ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।

### ਆਪਣੇ ਆਪ ਨੂੰ ਬਚਾਉਣ ਲਈ ਲਗਾਤਾਰ ਬਹਾਨੇ ਘੜ੍ਹ ਰਹੇ ਭਗਵੰਤ ਮਾਨ : ਤਰੁਣ ਚੁੱਘ

ਮੋਗਾ 1 ਜੁਲਾਈ। ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ ਨੇ ਮੁੱਖ ਮੰਤਰੀ ਭਗਵੰਤ ਮਾਨ ’ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਉਹ ਲਗਾਤਾਰ ਝੂਠ ਬੋਲ ਰਹੇ ਹਨ। ਉਨ੍ਹਾਂ ਕਿਹਾ ਹੁਣ ਜਦੋਂ ਲੈਬੋਰਟਰੀ ਦੀਆਂ ਰਿਪੋਰਟਾਂ ਸਾਹਮਣੇ ਆ ਗਈਆਂ ਹਨ ਤਾਂ ਉਹ ਆਪਣੇ ਆਪ ਨੂੰ ਬਚਾਉਣ ਲਈ ਨਵੇਂ ਬਹਾਨੇ ਘੜ੍ਹ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਭਗਵੰਤ ਮਾਨ ਨੂੰ ਗੁਰੂ ਦੋਖੀ ਤੇ ਪੰਥ ਵਿਰੋਧੀ ਕਰਾਰ ਦਿੱਤਾ ਗਿਆ ਹੈ ਅਤੇ ਸਮਾਜਿਕ ਬਾਈਕਾਟ ਦੀ ਗੱਲ ਵੀ ਕੀਤੀ ਗਈ ਹੈ। ਉਨ੍ਹਾਂ ਪੰਜਾਬ ਦੇ ਸਾਰੇ ਵਿਧਾਇਕਾਂ, ਸੰਸਦ ਮੈਂਬਰਾਂ ਅਤੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦਾ ਸਨਮਾਨ ਕੀਤਾ ਜਾਵੇ। ਤਰੁਣ ਚੁੱਘ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਦੇ ਰਾਜਪਾਲ ਅਤੇ ਡੀਜੀਪੀ ਨੂੰ ਵੀ ਪੱਤਰ ਲਿਖਿਆ ਹੈ ਅਤੇ ਮੰਗ ਕੀਤੀ ਹੈ ਕਿ ਭਗਵੰਤ ਮਾਨ ਖ਼?ਲਾਫ਼ ਤੁਰੰਤ ਮਾਮਲਾ ਦਰਜ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਤਰੁਣ ਚੁੱਘ ਅੱਜ ਮੋਗਾ ਵਿਖੇ 25 ਜੂਨ, 1989 ਨੂੰ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਸ਼ਾਖਾ ’ਤੇ ਪਾਕਿਸਤਾਨੀ ਅੱਤਵਾਦੀ ਹਮਲੇ ਵਿਚ ਸ਼ਹੀਦ ਹੋਏ ਬਹਾਦਰ ਸਵਯਮਸੇਵਕਾਂ ਨੂੰ ਸ਼ਹੀਦ ਸਮਾਰਕ ’ਤੇ ਸ਼ਰਧਾਂਜਲੀ ਭੇਟ ਕਰਨ ਪਹੁੰਚੇ ਹੋਏ ਸਨ।

# ਟਮਾਟਰ ਨੇ ਵਿਗਾੜਿਆ ਰਸੋਈ ਦਾ ਬਜਟ,70 ਦੇ ਪਾਰ ਪਹੁੰਚੀ ਕੀਮਤ, ਸਰਕਾਰ ਨੇ ਕੀਤਾ ਯੋਜਨਾ ਦਾ ਐਲਾਨ

ਬਿਜ਼ਨੈੱਸ ਡੈਸਕ 1 ਜੁਲਾਈ। ਦੇਸ਼ ਦੇ ਕਈ ਹਿੱਸਿਆਂ ਵਿੱਚ ਟਮਾਟਰ ਦੀਆਂ ਕੀਮਤਾਂ ਤੇਜ਼ੀ ਨਾਲ ਵੱਧ ਰਹੀਆਂ ਹਨ, ਜਿਸ ਨਾਲ ਆਮ ਆਦਮੀ ਦੇ ਰਸੋਈ ਬਜਟ ਵਿਗੜ ਰਿਹਾ ਹੈ। ਕਈ ਸ਼ਹਿਰਾਂ ਵਿੱਚ, ਟਮਾਟਰਾਂ ਦੀ ਪ੍ਰਚੂਨ ਕੀਮਤ 70 ਰੁਪਏ ਪ੍ਰਤੀ ਕਿਲੋਗ੍ਰਾਮ ਤੋਂ ਵੱਧ ਹੋ ਗਈ ਹੈ, ਜਦੋਂ ਕਿ ਕੁਝ ਖੇਤਰਾਂ ਵਿੱਚ, ਕੀਮਤਾਂ ਹੋਰ ਵੀ ਵੱਧ ਹਨ। ਵਧਦੀ ਮਹਿੰਗਾਈ ਵਿਚਕਾਰ, ਕੇਂਦਰ ਸਰਕਾਰ ਨੇ ਖਪਤਕਾਰਾਂ ਨੂੰ ਰਾਹਤ ਦੇਣ ਲਈ ਸਬਸਿਡੀ



ਵਾਲੇ ਟਮਾਟਰ ਵੇਚਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਟਮਾਟਰਾਂ ਦੀਆਂ ਕੀਮਤਾਂ ਵਿੱਚ ਵਾਧੇ ਦਾ ਸਭ ਤੋਂ ਵੱਡਾ ਕਾਰਨ ਸਪਲਾਈ ਵਿੱਚ ਕਮੀ ਮੰਨਿਆ ਜਾ ਰਿਹਾ ਹੈ। ਬਾਰਿਸ਼ ਅਤੇ ਖਰਾਬ ਮੌਸਮ ਨੇ ਕਈ ਰਾਜਾਂ ਵਿੱਚ ਫਸਲ ਨੂੰ ਪ੍ਰਭਾਵਿਤ ਕੀਤਾ ਹੈ। ਇਸ ਤੋਂ ਇਲਾਵਾ, ਟਮਾਟਰ ਕਾਫ਼ੀ ਮਾਤਰਾ ਵਿੱਚ ਬਾਜ਼ਾਰਾਂ ਵਿੱਚ ਨਹੀਂ ਪਹੁੰਚ ਰਹੇ ਹਨ, ਜਿਸ ਨਾਲ ਉਪਲਬਧਤਾ ਘੱਟ ਗਈ ਹੈ। ਵਧਦੀ ਆਵਾਜਾਈ ਲਾਗਤ ਅਤੇ ਕੁਝ ਖੇਤਰਾਂ ਵਿੱਚ ਘੱਟ ਉਤਪਾਦਨ ਨੇ ਵੀ ਕੀਮਤਾਂ ਨੂੰ ਪ੍ਰਭਾਵਿਤ ਕੀਤਾ ਹੈ। ਕੀਮਤਾਂ ਨੂੰ ਕੰਟਰੋਲ ਕਰਨ ਲਈ, ਕੇਂਦਰ ਸਰਕਾਰ ਸਰਕਾਰੀ ਏਜੰਸੀਆਂ ਰਾਹੀਂ ਵੱਡੇ ਪੱਧਰ ’ਤੇ ਟਮਾਟਰ ਖਰੀਦਣ ਅਤੇ ਗਾਹਕਾਂ ਨੂੰ ਸਬਸਿਡੀ ਵਾਲੀਆਂ ਦਰਾਂ ’ਤੇ ਵੰਡਣ ਦੀ ਯੋਜਨਾ ਬਣਾ ਰਹੀ ਹੈ। ਇਸਦਾ ਉਦੇਸ਼ ਬਾਜ਼ਾਰ ਵਿੱਚ ਸਪਲਾਈ ਵਧਾਉਣਾ ਅਤੇ ਵਧਦੀਆਂ ਕੀਮਤਾਂ ਨੂੰ ਰੋਕਣਾ ਹੈ। ਸਰਕਾਰ ਸ਼ੁਰੂ ਵਿੱਚ ਦਿੱਲੀ-ਐਨਸੀਆਰ ਸਮੇਤ ਵੱਡੇ ਸ਼ਹਿਰਾਂ ਵਿੱਚ ਮੋਬਾਈਲ ਵੈਨਾਂ ਅਤੇ ਸਰਕਾਰੀ ਵਿਕਰੀ ਕੇਂਦਰਾਂ ਰਾਹੀਂ ਕਿਫਾਇਤੀ ਕੀਮਤਾਂ ’ਤੇ ਟਮਾਟਰ ਉਪਲਬਧ ਕਰਵਾ ਸਕਦੀ ਹੈ। ਪਿਛਲੇ ਸਾਲ, ਸਰਕਾਰ ਨੇ ਵਧਦੀਆਂ ਕੀਮਤਾਂ ਦੌਰਾਨ ਵੀ ਇਸੇ ਤਰ੍ਹਾਂ ਸਬਸਿਡੀ ਵਾਲੇ ਟਮਾਟਰ ਵੇਚੇ ਸਨ, ਜਿਸ ਨਾਲ ਖਪਤਕਾਰਾਂ ਨੂੰ ਕੁਝ ਰਾਹਤ ਮਿਲੀ ਸੀ।

# ਸਕੂਲ ’ਚ ਬਣਿਆ ਭੋਜਨ ਖਾਣ ਨਾਲ 100 ਤੋਂ ਵੱਧ ਵਿਦਿਆਰਥੀ ਬੀਮਾਰ, ਇੰਦੌਰ ਪ੍ਰਸ਼ਾਸਨ ਵਲੋਂ ਰਸੋਈ ਸੀਲ

ਨੈਸ਼ਨਲ ਡੈਸਕ 1 ਜੁਲਾਈ। ਇੰਦੌਰ ਦੇ ਇੱਕ ਨਿੱਜੀ ਸਕੂਲ ਵਿਚ ਉਸ ਸਮੇਂ ਹਫ਼ੜਾ-ਦਫ਼ੜੀ ਮਚ ਗਈ, ਜਦੋਂ ਦੋ ਦਿਨ ਪਹਿਲਾਂ ਦੁਪਹਿਰ ਦਾ ਖਾਣਾ ਖਾਣ ਤੋਂ ਬਾਅਦ ਲਗਭਗ 110 ਬੱਚੇ ਬੀਮਾਰ ਹੋ ਗਏ। ਇਸ ਘਟਨਾ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਨੇ ਕਾਰਵਾਈ ਕਰਦੇ ਹੋਏ ਸੋਮਵਾਰ ਨੂੰ ਸਕੂਲ ਦੀ ਰਸੋਈ ਨੂੰ ਸੀਲ ਕਰ ਦਿੱਤਾ। ਇਸ ਮਾਮਲੇ ਦੀ ਜਾਂਚ ਦੌਰਾਨ ਉਨ੍ਹਾਂ ਕਿਹਾ ਕਿ ਨਿਰੀਖਣ ਦੌਰਾਨ ਕੁਝ ਬੇਨਿਯਮੀਆਂ ਪਾਈਆਂ ਗਈ ਹਨ, ਜਿਨ੍ਹਾਂ ਵਿੱਚ ਖਾਣ-ਪੀਣ ਦੀਆਂ ਵਸਤਾਂ ਦੀ ਮਿਆਦ ਪੁੱਗਣ ਦੀ ਤਾਰੀਖ ਵੀ ਸ਼ਾਮਲ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪੀੜਤ ਵਿਦਿਆਰਥੀਆਂ ਦੇ ਮਾਪਿਆਂ ਦੀ ਸ਼ਿਕਾਇਤ ’ਤੇ ਪ੍ਰਸ਼ਾਸਨ ਵੱਲੋਂ ਬਣਾਈ ਗਈ ਜਾਂਚ ਟੀਮ ਨੇ ਬਾਈਪਾਸ ਰੋਡ ’ਤੇ ਸਥਿਤ ਸ਼ਿਸ਼ੂਕੁੰਜ ਇੰਟਰਨੈਸ਼ਨਲ ਸਕੂਲ ਦੇ ਝਲਾਰੀਆ ਕੈਂਪਸ ਵਿੱਚ ਜਾਂਚ ਕੀਤੀ। ਅਧਿਕਾਰੀਆਂ ਦੇ ਅਨੁਸਾਰ, ਸਕੂਲ ਦੀ ਰਸੋਈ ਵਿੱਚ ਵਰਤੀਆਂ ਜਾਣ ਵਾਲੀਆਂ ਵੱਖ-ਵੱਖ ਖਾਣ-ਪੀਣ ਦੀਆਂ ਵਸਤਾਂ ਅਤੇ ਤਿਆਰ ਭੋਜਨ ਦੇ ਕੁੱਲ 23 ਨਮੂਨੇ ਇਕੱਠੇ ਕੀਤੇ ਗਏ ਅਤੇ ਪ੍ਰਯੋਗਸ਼ਾਲਾ ਵਿੱਚ ਭੇਜੇ ਗਏ। ਉਨ੍ਹਾਂ ਕਿਹਾ ਕਿ ਨਿਰੀਖਣ ਦੌਰਾਨ ਰਸੋਈ ਵਿੱਚੋਂ 10 ਪੈਕੇਟ ਮਸਾਲਿਆਂ ਦੇ ਅਤੇ ਦੋ ਪੈਕੇਟ ਸਨੈਕਸ ਦੇ ਮਿਲੇ, ਜਿਨ੍ਹਾਂ ਦੇ ਮਿਆਦ ਪੁੱਗਣ ਦੀ ਤਾਰੀਖ ਲੰਘ ਗਈ ਸੀ। ਅਧਿਕਾਰੀਆਂ ਨੇ ਕਿਹਾ ਕਿ ਵੱਖ-ਵੱਖ ਬੇਨਿਯਮੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲ ਦੀ ਰਸੋਈ ਨੂੰ ਅਗਲੇ ਹੁਕਮਾਂ ਤੱਕ ਸੀਲ ਕਰ ਦਿੱਤਾ ਗਿਆ ਹੈ। ਸਬ-ਡਿਵੀਜ਼ਨਲ ਮੈਜਿਸਟਰੇਟ (ਐਸਡੀਐਮ) ਦੀਪਕ



ਚੌਹਾਨ ਨੇ ਦੱਸਿਆ ਕਿ ਸਕੂਲ ਵਿੱਚ ਪਹਿਲੀ ਤੋਂ ਪੰਜਵੀਂ ਜਮਾਤ ਦੇ ਬੱਚਿਆਂ ਨੇ ਸ਼ਨੀਵਾਰ (20 ਜੂਨ) ਨੂੰ ਆਪਣਾ ਨਿਯਮਤ ਦੁਪਹਿਰ ਦਾ ਖਾਣਾ ਖਾਧਾ ਸੀ। ਉਨ੍ਹਾਂ ਕਿਹਾ, ਸਕੂਲ ਵਿੱਚ ਲਗਭਗ 110 ਬੱਚਿਆਂ ਨੇ ਸ਼ਨੀਵਾਰ ਸ਼ਾਮ ਨੂੰ ਪੇਟ ਦਰਦ ਅਤੇ ਉਲਟੀਆਂ ਦੀ ਸ਼ਿਕਾਇਤ ਕਰਨੀ ਸ਼ੁਰੂ ਕਰ ਦਿੱਤੀ। ਇਹ ਲੱਛਣ ਅਗਲੇ ਦਿਨ ਵੀ ਕਈ ਬੱਚਿਆਂ ਵਿੱਚ ਦੇਖਣ ਨੂੰ ਮਿਲੇ। ਚੌਹਾਨ ਨੇ ਕਿਹਾ ਕਿ ਮਾਪਿਆਂ ਨਾਲ ਗੱਲਬਾਤ ਦੌਰਾਨ ਪਤਾ ਲੱਗਾ ਕਿ ਬਹੁਤ ਸਾਰੇ ਬੱਚਿਆਂ ਨੂੰ ਡਾਕਟਰਾਂ ਕੋਲ ਲਿਜਾਇਆ ਗਿਆ ਸੀ, ਜਦੋਂਕਿ ਕੁਝ ਮਾਪੇ ਖੁਦ ਡਾਕਟਰ ਹੋਣ ਕਰਕੇ ਘਰ ਵਿੱਚ ਆਪਣੇ ਬੱਚਿਆਂ ਦਾ ਇਲਾਜ ਕਰ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ, ਹੁਣ ਤੱਕ ਬੱਚਿਆਂ ਵਿੱਚ ਮੁੱਖ ਤੌਰ ’ਤੇ ਉਲਟੀਆਂ ਅਤੇ ਪੇਟ ਦਰਦ ਦੇ ਲੱਛਣ ਦਿਖਾਈ ਦਿੱਤੇ ਹਨ। ਵਰਤਮਾਨ ਵਿੱਚ ਕੋਈ ਵੀ ਬੱਚਾ ਹਸਪਤਾਲ ਵਿੱਚ ਦਾਖਲ ਨਹੀਂ ਹੈ।


# ਪੰਜਾਬ ’ਚ ਮੁੜ ਤੋਂ ਬੰਬ ਧਮਾਕਿਆਂ ਦੀ ਧਮਕੀ ! ਮਨੁੱਖੀ ਬੰਬ ਨਾਲ...

**ਕੌਮੀ ਪਤ੍ਰਿਕਾ**

ਲੁਧਿਆਣਾ 1 ਜੁਲਾਈ। ਮਹਾਨਗਰ ਵਿਚ ਇਕ ਵਾਰ ਫਿਰ ਬੰਬ ਧਮਾਕੇ ਦੀ ਧਮਕੀ ਮਿਲਣ ਨਾਲ ਸਨਸਨੀ ਫੈਲ ਗਈ ਹੈ। ਬੁੱਧਵਾਰ ਨੂੰ ਨਗਰ ਨਿਗਮ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਦੀ ਅਧਿਕਾਰਤ ਈਮੇਲ ਆਈ.ਡੀ. ’ਤੇ ਆਈ ਇਕ ਧਮਕੀ ਭਰੀ ਮੇਲ ਤੋਂ ਬਾਅਦ ਹੜਕੰਪ ਮੱਚ ਗਿਆ। ਇਸ ਵਾਰ ਈ-ਮੇਲ ਭੇਜਣ ਵਾਲੇ ਨੇ ਕਿਸੇ ਲਵਾਰਿਸ ਬੈਗ ਜਾਂ ਟਾਈਮਰ ਬੰਬ ਦੀ ਨਹੀਂ, ਸਗੋਂ ਮਨੁੱਖੀ ਬੰਬ ਰਾਹੀਂ ਇਨ੍ਹਾਂ ਦਫ਼ਤਰਾਂ ਨੂੰ ਉਡਾਉਣ ਦੀ ਖੌਫ਼ਨਾਕ ਧਮਕੀ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਈ-ਮੇਲ ਭੇਜਣ ਵਾਲੇ ਸਿਰਫਿਰੇ ਨੇ ਲੁਧਿਆਣਾ ਮੇਅਰ ਦੇ ਦਫ਼ਤਰ, ਨਗਰ ਨਿਗਮ ਦਫ਼ਤਰ, ਡੀ.ਸੀ. ਦਫ਼ਤਰ ਅਤੇ ਸ਼ਹਿਰ ਦੇ ਰੇਲਵੇ ਟਰੈਕ ’ਤੇ ਬੰਬ ਧਮਾਕੇ ਕਰਨ ਦੀ ਚੇਤਾਵਨੀ ਦਿੱਤੀ ਹੈ। ਇਸ ਧਮਕੀ ਦੀ ਭਿਣਕ ਮਿਲਦਿਆਂ ਹੀ ਤੁਰੰਤ ਪੁਲਸ ਦੇ ਉੱਚ ਅਧਿਕਾਰੀ ਅਤੇ ਸੁਰੱਖਿਆ ਏਜੰਸੀਆਂ ਅਲਰਟ ਮੋਡ ’ਤੇ ਆ ਗਈਆਂ। ਇਸ ਧਮਕੀ ਭਰੇ ਈ-ਮੇਲ ਮਗਰੋਂ ਚੰਡੀਗੜ੍ਹ ਅਤੇ ਦਿੱਲੀ ਤੱਕ ਦੀਆਂ ਖੁਫੀਆ ਏਜੰਸੀਆਂ ਅਲਰਟ ਹੋ ਗਈਆਂ ਹਨ ਅਤੇ ਡਿਜੀਟਲ ਫੁੱਟਪ੍ਰਿੰਟਸ ਖੰਗਾਲੇ ਜਾ ਰਹੇ ਹਨ। ਧਮਕੀ ਭਰੀ ਈਮੇਲ ਦੀ ਗੰਭੀਰਤਾ ਨੂੰ ਦੇਖਦੇ ਹੋਏ ਸਾਈਬਰ ਕ੍ਰਾਈਮ ਦੀਆਂ ਟੀਮਾਂ ਅਤੇ ਦੇਸ਼ ਦੀਆਂ ਖੁਫੀਆ ਏਜੰਸੀਆਂ ਤੁਰੰਤ ਹਰਕਤ ਵਿਚ ਆ ਗਈਆਂ ਹਨ। ਇਹ ਈ-ਮੇਲ ਕਿੱਥੋਂ ਭੇਜੀ ਗਈ, ਇਸ ਦਾ ਪਤਾ ਲਗਾਉਣ ਅਤੇ ਭੇਜਣ ਵਾਲੇ ਸ਼ਾਤਿਰ ਨੂੰ ਬੇਨਕਾਬ ਕਰਨ ਲਈ ਉੱਚ-ਪੱਧਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਤਕਨੀਕੀ ਪਹਿਲੂਆਂ, ਆਈ.ਪੀ. ਐਡਰੈੱਸ ਅਤੇ ਡਿਜੀਟਲ ਫੁੱਟਪ੍ਰਿੰਟਸ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਮੁਲਜ਼ਮ ਤੱਕ ਪਹੁੰਚਿਆ ਜਾ ਸਕੇ। ਜ਼ਿਕਰਯੋਗ ਹੈ ਕਿ ਲੁਧਿਆਣਾ ਵਿਚ ਬੰਬ ਧਮਾਕਿਆਂ ਦੀ ਧਮਕੀ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਕਰੀਬ ਤਿੰਨ ਹਫ਼ਤੇ ਪਹਿਲਾਂ ਵੀ ਅਜਿਹੀ ਹੀ ਇਕ ਫਰਜ਼ੀ ਈ-ਮੇਲ ਆਈ ਸੀ, ਜਿਸ ਵਿਚ ਲੁਧਿਆਣਾ ਦੇ ਮੇਅਰ ਦਫ਼ਤਰ ਅਤੇ ਮਸ਼ਹੂਰ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਦੇ ਘਰ ਨੂੰ ਬੰਬ ਨਾਲ ਉਡਾਉਣ ਦੀ ਚੇਤਾਵਨੀ ਦਿੱਤੀ ਗਈ ਸੀ। ਹਾਲਾਂਕਿ, ਲੁਧਿਆਣਾ ਵਿਚ ਪਿਛਲੇ ਸਮੇਂ ਦੌਰਾਨ ਆਈਆਂ ਅਜਿਹੀਆਂ ਸਾਰੀਆਂ ਬੰਬ ਥ?ਰੈਟ ਈਮੇਲਾਂ ਮਹਿਜ਼ ਇਕ ਅਫ਼ਵਾਹ ਹੀ ਸਾਬਤ ਹੋਈਆਂ ਹਨ। ਪੁਲਸ ਦਾ ਮੰਨਣਾ ਹੈ ਕਿ ਇਹ ਕਿਸੇ ਸ਼ਰਾਰਤੀ ਅਨਸਰ ਦਾ ਕੰਮ ਹੈ, ਜਿਸ ਨੂੰ ਜਲਦੀ ਹੀ ਸਲਾਖਾਂ ਪਿੱਛੇ ਭੇਜ ਦਿੱਤਾ ਜਾਵੇਗਾ। ਮਾਮਲੇ ਦੀ ਪੁਸ਼ਟੀ ਕਰਦਿਆਂ ਐਡੀਸ਼ਨਲ ਡੀ.ਸੀ.ਪੀ. ਦੇਵ ਸਿੰਘ ਨੇ ਦੱਸਿਆ ਕਿ ਬੰਬ ਦੀ ਧਮਕੀ ਵਾਲੀ ਈ-ਮੇਲ ਮਿਲਣ ਦੀ ਸੂਚਨਾ ਮਿਲਦੇ ਹੀ ਪੁਲਸ ਦੀਆਂ ਵਿਸ਼ੇਸ਼ ਟੀਮਾਂ ਅਤੇ ਬੰਬ ਨਿਰੋਧਕ ਦਸਤੇ ਨੇ ਤੁਰੰਤ ਦੋਵਾਂ ਦਫ਼ਤਰਾਂ ਦੇ ਕੰਪਲੈਕਸਾਂ ਦੀ ਸਖ਼ਤ ਚੈਕਿੰਗ ਕੀਤੀ। ਪੂਰੇ ਇਲਾਕੇ ਨੂੰ ਖੰਗਾਲਣ ਤੋਂ ਬਾਅਦ ਪੁਲਸ ਨੂੰ ਉੱਥੇ ਕੋਈ ਵੀ ਸ਼ੱਕੀ ਵਸਤੂ ਜਾਂ ਵਿਸਫੋਟਕ ਬਰਾਮਦ ਨਹੀਂ ਹੋਇਆ ਹੈ। ਉਨ੍ਹਾਂ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਘਬਰਾਉਣ ਦੀ ਕੋਈ ਲੋੜ ਨਹੀਂ ਹੈ, ਸ਼ਹਿਰ ਵਿਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਹਨ।

### ਗੁਰੂਗ੍ਰਾਮ ਪੁਲਸ ਦੀ ਕਾਰਵਾਈ ਨਾਲ ਹੋਈ ਕਾਂਗਰਸ ਦੇ ਦਾਅਵਿਆਂ ਦੀ ਪੁਸ਼ਟੀ : ਖਹਿਰਾ

ਚੰਡੀਗੜ੍ਹ 1 ਜੁਲਾਈ। ਪੰਜਾਬ ਮੁੱਖ ਮੰਤਰੀ ਨਾਲ ਜੁੜੇ ਕਥਿਤ ਫਰਜ਼ੀ ਵੀਡੀਓ ਸਕੈਂਡਲ ਵਿਚ ਗੁਰੂਗ੍ਰਾਮ ਪੁਲਸ ਵੱਲੋਂ ਐਫ.ਆਈ.ਆਰ. ਦਰਜ ਕੀਤੇ ਜਾਣ ਤੋਂ ਬਾਅਦ ਸਿਆਸਤ ਭਖ ਗਈ ਹੈ। ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਇਸ ਕਾਰਵਾਈ ਦਾ ਸਵਾਗਤ ਕਰਦਿਆਂ ਦਾਅਵਾ ਕੀਤਾ ਕਿ ਗੁਰੂਗ੍ਰਾਮ ਪੁਲਸ ਦੀ ਇਸ ਕਾਰਵਾਈ ਨੇ ਕਾਂਗਰਸ ਦੇ ਦਾਅਵਿਆਂ ਦੀ ਪੁਸ਼ਟੀ ਕਰ ਦਿੱਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਥਿਤ ’ਬੇਅਦਬੀ’ ਦੇ ਕੰਮਾਂ



ਨੂੰ ਛੁਪਾਉਣ ਲਈ ਇੱਕ ਫਰਜ਼ੀ ਫੋਰੈਂਸਿਕ ਰਿਪੋਰਟ ਤਿਆਰ ਕਰਵਾਈ ਸੀ। ਖਹਿਰਾ ਅਨੁਸਾਰ ਪੁਲਸ ਜਾਂਚ ਤੋਂ ਬਾਅਦ ਇਸ ਮਾਮਲੇ ਵਿੱਚ ਕਈ ਹੋਰ ਦੋਸ਼ੀਆਂ ਦੇ ਨਾਮ ਵੀ ਸਾਹਮਣੇ ਆਉਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਪੰਜਾਬ ਮੁੱਖ ਮੰਤਰੀ ਨੂੰ ਤੁਰੰਤ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਹੈ। ਇਸ ਪੂਰੇ ਘੁਟਾਲੇ ’ਚ ਮੁੱਖ ਮੰਤਰੀ ਦੇ ਖਿਲਾਫ ਵੀ ਐਫ.ਆਈ.ਆਰ. ਦਰਜ ਕੀਤੀ ਜਾਵੇ। ਖਹਿਰਾ ਨੇ ਕਿਹਾ ਕਿ ਸੱਚਾਈ ਨੂੰ ਦਬਾਉਣ ਲਈ ਗਲਤ ਤਰੀਕਿਆਂ ਦਾ ਇਸਤੇਮਾਲ ਕੀਤਾ ਹੈ, ਜੋ ਹੁਣ ਪੁਲਸ ਜਾਂਚ ਰਾਹੀਂ ਬੇਨਕਾਬ ਹੋ ਰਿਹਾ ਹੈ। ਹਾਲਾਂਕਿ ਆਮ ਆਦਮੀ ਪਾਰਟੀ ਇਕ ਕਥਿਤ ਵੀਡੀਓ ਦਾ ਖੰਡਨ ਕਰਦੀ ਆਈ ਹੈ ਤੇ ਕਿਹਾ ਹੈ ਕਿ ਇਸ ਵੀਡੀਓ ਵਿਚ ਦਿਖਾਈ ਦੇਣ ਵਾਲਾ ਵਿਅਕਤੀ ਭਗਵੰਤ ਸਿੰਘ ਮਾਨ ਨਹੀਂ ਬਲਕਿ ਕੋਈ ਹੋਰ ਹੈ।

### ਸੈਂਟਰਲ ਡਰੱਗਜ਼ ਲੈਬਾਰਟਰੀ ਦਾ ਵੱਡਾ ਖੁਲਾਸਾ: 159 ਦਵਾਈਆਂ ਦੇ ਸੈਂਪਲ ਫੇਲ੍ਹ, ਨਕਲੀ ਦਵਾਈਆਂ ਦਾ ਵਧਿਆ ਖ਼ਤਰਾ

ਨਵੀਂ ਦਿੱਲੀ 1 ਜੁਲਾਈ। ਕੇਂਦਰੀ ਡਰੱਗ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ (ਸੀ. ਡੀ. ਐੱਸ. ਸੀ. ਓ.) ਨੇ ਮਈ, 2026 ਦੇ ਲਈ ਜਾਰੀ ਮਾਸਿਕ ਗੁਣਵੱਤਾ ਨਿਗਰਾਨੀ ਰਿਪੋਰਟ ’ਚ ਦੱਸਿਆ ਹੈ ਕਿ ਦੇਸ਼ ਭਰ ’ਚ 159 ਦਵਾਈਆਂ ਦੇ ਨਮੂਨੇ ਗੁਣਵੱਤਾ ਮਾਪਦੰਡਾਂ ’ਤੇ ਖਰੇ ਨਹੀਂ ਉੱਤਰੇ। ਸੀ. ਡੀ. ਐੱਸ. ਸੀ. ਓ. ਦੇ ਅਨੁਸਾਰ, ਕੇਂਦਰੀ ਡਰੱਗ ਪ੍ਰਯੋਗਸ਼ਾਲਾਵਾਂ ਨੇ 46 ਦਵਾਈਆਂ ਦੇ ਨਮੂਨਿਆਂ ਨੂੰ ‘ਨੌਟ ਆਫ ਸਟੈਂਡਰਡ ਕੁਆਲਿਟੀ’ (ਐੱਨ. ਐੱਸ. ਕਿਊ.) ਐਲਾਨ ਕੀਤਾ ਜਦਕਿ ਵੱਖ-ਵੱਖ ਸੂਬਿਆਂ ਦੀਆਂ ਡਰੱਗ ਟੈਸਟਿੰਗ ਪ੍ਰਯੋਗਸ਼ਾਲਾਵਾਂ ਨੇ 113 ਨਮੂਨਿਆਂ ਨੂੰ ਗੁਣਵੱਤਾ ਮਾਪਦੰਡਾਂ ’ਤੇ ਅਸਫਲ ਪਾਇਆ। ਰਿਪੋਰਟ ਅਨੁਸਾਰ, ਕਿਸੇ ਦਵਾਈ ਦੇ ਐੱਨ. ਐੱਸ. ਕਿਊ. ਐਲਾਨ ਹੋਣ ਦਾ ਮਤਲਬ ਇਹ ਹੈ ਕਿ ਟੈਸਟਿੰਗ ਦੌਰਾਨ ਉਹ ਨਿਰਧਾਰਿਤ ਗੁਣਵੱਤਾ ਮਾਪਦੰਡਾਂ ਦੇ ਇਕ ਜਾਂ ਵੱਧ ਮਾਪਦੰਡਾਂ ’ਤੇ ਖਰੀ ਨਹੀਂ ਉੱਤਰੀ। ਹਾਲਾਂਕਿ ਇਹ ਸਿੱਟਾ ਸਿਰਫ ਜਾਂਚ ਕੀਤੇ ਗਏ ਵਿਸ਼ੇਸ਼ ਬੈਚ ’ਤੇ ਲਾਗੂ ਹੁੰਦਾ ਹੈ ਅਤੇ ਇਸ ਨਾਲ ਬਾਜ਼ਾਰ ’ਚ ਉਪਲੱਬਧ ਉਸੇ ਦਵਾਈ ਦੇ ਹੋਰ ਬੈਚਾਂ ਦੀ ਗੁਣਵੱਤਾ ’ਤੇ ਕੋਈ ਸਵਾਲ ਨਹੀਂ ਉੱਠਦਾ। ਮਈ, 2026 ਦੀ ਰਿਪੋਰਟ ’ਚ ਅਸਾਮ ਤੋਂ ਇਕ ਸਪਿਊਰੀਅਸ (ਨਕਲੀ) ਦਵਾਈ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਜਾਂਚ ’ਚ ਪਾਇਆ ਗਿਆ ਕਿ ਇਹ ਦਵਾਈ ਕਿਸੇ ਅਣਅਧਿਕਾਰਤ ਨਿਰਮਾਤਾ ਵੱਲੋਂ ਬਣਾਈ ਗਈ ਸੀ, ਜਿਸ ਨੇ ਦੂਜੀ ਕੰਪਨੀ ਦੇ ਬ੍ਰਾਂਡ ਨਾਮ ਦੀ ਦੁਰਵਰਤੋਂ ਕੀਤੀ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਸਰਗਰਮ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 1 ਜੁਲਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਅੱਜ ਪ੍ਰਚਾਰਕਾਂ, ਢਾਡੀ ਅਤੇ ਕਵੀਸ਼ਰ ਜਥਿਆਂ ਦੀ ਵਿਸ਼ੇਸ਼ ਇਕੱਤਰਤਾ ਹੋਈ। ਇਕੱਤਰਤਾ ਦਾ ਮਕਸਦ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਗੁਰੂ ਦੋਖੀ ਅਤੇ ਖਾਲਸਾ ਪੰਥ ਵਿਰੋਧੀ ਕਰਾਰ ਦੇਣ ਸਬੰਧੀ ਜਾਰੀ ਆਦੇਸ਼ਾਂ ਨੂੰ ਪਿੰਡ ਪੱਧਰ ਤੱਕ ਸੰਗਤਾਂ ਵਿੱਚ ਪਹੁੰਚਾਉਣਾ ਸੀ। ਐਡਵੋਕੇਟ ਧਾਮੀ ਨੇ ਕਿਹਾ ਕਿ ਵਿਵਾਦਤ ਵੀਡੀਓ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੂਰੀ ਜਾਂਚ ਅਤੇ ਸਰਕਾਰੀ ਮਾਨਤਾ ਪ੍ਰਾਪਤ ਲੈਬਾਂ ਦੀਆਂ ਰਿਪੋਰਟਾਂ ਦੇ ਆਧਾਰ ’ਤੇ ਫੈਸਲਾ ਲਿਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਅਤੇ ਉਨ੍ਹਾਂ ਦੀ ਪਾਰਟੀ ਫੈਸਲੇ ਨੂੰ ਸਵੀਕਾਰ ਕਰਨ ਦੀ ਬਜਾਏ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚੁਣੌਤੀ ਦੇ ਰਹੀ ਹੈ। ਉਨ੍ਹਾਂ ਪ੍ਰਚਾਰਕ, ਢਾਡੀ ਅਤੇ ਕਵੀਸ਼ਰ ਜਥਿਆਂ ਨੂੰ ਅਪੀਲ ਕੀਤੀ ਕਿ ਉਹ ਸੰਗਤਾਂ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਜਾਣਕਾਰੀ ਪਹੁੰਚਾਉਣ ਅਤੇ ਉਨ੍ਹਾਂ ਦੀ ਪਾਲਣਾ ਲਈ ਪ੍ਰੇਰਿਤ ਕਰਨ। ਇਸ ਮੌਕੇ ਬਾਬਾ ਬਲਦੇਵ ਸਿੰਘ ਵੱਲ੍ਹਾ ਦੀ ਅਗਵਾਈ ਹੇਠ ਨਿਹੰਗ ਸਿੰਘ ਜਥੇਬੰਦੀਆਂ ਨੇ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਰ ਆਦੇਸ਼ ’ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦੀ ਵਚਨਬੱਧਤਾ ਪ੍ਰਗਟਾਈ।ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ, ਅਧਿਕਾਰੀਆਂ, ਪ੍ਰਚਾਰਕਾਂ ਅਤੇ ਵੱਖ-ਵੱਖ ਨਿਹੰਗ ਸਿੰਘ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੀ ਸੰਬੋਧਨ ਕਰਦਿਆਂ ਸੰਗਤਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਇਸ ਮੌਕੇ ਮੈਂਬਰ



ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਅਜੈਬ ਸਿੰਘ ਅਭਿਆਸੀ, ਭਾਈ ਸੁਖਵਰਸ਼ ਸਿੰਘ ਪੰਨੂ, ਬਾਬਾ ਬਲਦੇਵ ਸਿੰਘ ਵੱਲ੍ਹਾ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਤੇ ਭਾਈ ਸਰਬਜੀਤ ਸਿੰਘ ਢੋਟੀਆਂ ਨੇ ਵੀ ਸੰਬੋਧਨ ਕਰਦਿਆਂ ਸੰਗਤਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਦੀ ਪਾਲਣਾ ਲਈ ਪ੍ਰੇਰਿਆ। ਇਸ ਮੌਕੇ ਸ਼ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਕੇਵਲ ਸਿੰਘ ਬਾਦਲ, ਗੁਰਨਾਮ ਸਿੰਘ ਜੱਸਲ, ਪ੍ਰਿਤਪਾਲ ਸਿੰਘ ਪਾਲੀ, ਅਵਤਾਰ ਸਿੰਘ ਵਣਵਾਲਾ, ਓਐਸਡੀ ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਮੀਤ ਸਕੱਤਰ ਸੁਖਬੀਰ ਸਿੰਘ, ਮੈਨੇਜਰ ਮੇਜਰ ਸਿੰਘ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ ਤੇ ਭਾਈ ਸਰਬਜੀਤ ਸਿੰਘ ਢੋਟੀਆਂ, ਬਾਬਾ ਬਲਦੇਵ ਸਿੰਘ ਵੱਲ੍ਹਾ, ਬਾਬਾ ਸਤਨਾਮ ਸਿੰਘ ਖਾਪੜਖੇੜੀ, ਬਾਬਾ ਮੇਜਰ ਸਿੰਘ ਦਸਮੇਸ਼ ਤਰਨਾ ਦਲ, ਬਾਬਾ ਸਤਪਾਲ ਸਿੰਘ ਮਾਲਵਾ ਤਰਨਾ ਦਲ, ਬਾਬਾ ਹਰਜਿੰਦਰ ਸਿੰਘ ਮੁਕਤਸਰ, ਬਾਬਾ ਬਲਬੀਰ ਸਿੰਘ ਮਾਝਾ ਤਰਨਾ ਦਲ, ਬਾਬਾ ਸ਼ਮੇਸ਼ਰ ਸਿੰਘ ਬਾਲੇਵਾਲ, ਬਾਬਾ ਕੁਲਵਿੰਦਰ ਸਿੰਘ ਚਮਕੌਰ ਸਾਹਿਬ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਖੜਕ ਸਿੰਘ ਲੁਧਿਆਣਾ, ਬਾਬਾ ਕਸ਼ਮੀਰ ਸਿੰਘ ਧਰਮਕੋਟ, ਬਾਬਾ ਦਿਲਬਾਗ ਸਿੰਘ, ਬਾਬਾ ਜਸਪਾਲ ਸਿੰਘ ਮੁਕਤਸਰ, ਬਾਬਾ ਨਰਿੰਦਰ ਸਿੰਘ ਸ੍ਰੀ ਅਨੰਦਪੁਰ ਸਾਹਿਬ, ਬਾਬਾ ਜਗੀਰ ਸਿੰਘ ਸਮੇਤ ਹੋਰ ਮੌਜੂਦ ਸਨ।

### ਮਾਨਸੂਨ ਸੀਜ਼ਨ ਤੋਂ ਪਹਿਲਾਂ ਜਾਰੀ ਹੋਏ ਸਖ਼ਤ ਹੁਕਮ, ਅਧਿਕਾਰੀਆਂ ਨੂੰ ਜਾਰੀ ਹੋਈਆਂ ਹਦਾਇਤਾਂ

ਫਿਰੋਜ਼ਪੁਰ 1 ਜੁਲਾਈ। ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਆਗਾਮੀ ਮਾਨਸੂਨ ਸੀਜ਼ਨ ਦੌਰਾਨ ਸੰਭਾਵਿਤ ਹੜ੍ਹਾਂ ਨਾਲ ਨਜਿੱਠਣ ਬਾਰੇ ਹੋਈ ਮੀਟਿੰਗ ’ਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਅਗਾਊਂ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਸੰਭਾਵਿਤ ਹੜ੍ਹਾਂ ਦਾ ਸਾਹਮਣਾ ਕਰਨ ਲਈ ਆਪਸੀ ਤਾਲਮੇਲ ਨਾਲ ਕੰਮ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਸਮੂਹ ਐੱਸ. ਡੀ. ਐੱਮ. ਅਤੇ ਜਲ ਸਰੋਤ ਵਿਭਾਗ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਹੁਕਮ ਦਿੰਦਿਆਂ ਕਿਹਾ ਕਿ ਹੜ੍ਹਾਂ ਦੌਰਾਨ ਨਾਜ਼ੁਕ ਸਥਿਤੀ ਵਾਲੇ ਪਿੰਡਾਂ ਰੁਕਨੇ ਵਾਲਾ, ਗੱਟਾ ਬਾਦਸ਼ਾਹ, ਕਾੜਾ ਕਾਲੀ ਰਾਉਣ ਆਦਿ ਦਾ ਪਹਿਲਾਂ ਤੋਂ ਹੀ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲੈ ਲਿਆ ਜਾਵੇ ਅਤੇ ਬੰਨ੍ਹਾਂ, ਨੋਚਾਂ, ਪੁਲਾਂ, ਰਸਤਿਆਂ ਆਦਿ ਨੂੰ ਪਹਿਲਾਂ ਤੋਂ ਹੀ ਮਜ਼ਬੂਤ ਕਰ ਲਿਆ ਜਾਵੇ ਤਾਂ ਜੋ ਭਾਰੀ ਮੀਂਹ ਅਤੇ ਸਤਲੁਜ ’ਚ ਪਾਣੀ ਦਾ ਪੱਧਰ ਵਧਣ ਨਾਲ ਕੋਈ ਨੁਕਸਾਨ ਨਾ ਹੋਵੇ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਨੇ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਰੇਤਾ ਦੇ ਗੱਟੇ, ਕਿਸ਼ਤੀਆਂ, ਲਾਈਫ਼ ਜੈਕਟਾਂ, ਫਲੱਡ ਲਾਈਟਾਂ, ਸਰਚ ਲਾਈਟਾਂ, ਮੈਡੀਕਲ ਜ਼ਰੂਰਤਾਂ ਆਦਿ ਸਮਾਨ ਦੀ ਪਹਿਲਾਂ ਤੋਂ ਹੀ ਜਾਂਚ ਕਰ ਲਈ ਜਾਵੇ। ਜੇਕਰ ਕਿਸੇ ਸਮਾਨ ਨੂੰ ਰਿਪੇਅਰ ਦੀ ਲੋੜ ਹੈ ਤਾਂ ਤੁਰੰਤ ਠੀਕ ਕਰਵਾਇਆ ਜਾਵੇ। ਇਸ ਤੋਂ ਇਲਾਵਾ ਡਰੇਨਜ਼ ਅਤੇ ਸੀਵਰੇਜ਼ ਦੀ ਸਫ਼ਾਈ ਵੀ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਪ੍ਰਬੰਧਾਂ ਪੱਖੋਂ ਕਿਸੇ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ, ਇਸ ਲਈ ਸੌਂਪੀ ਗਈ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਈਮਾਨਦਾਰੀ ਨਾਲ ਸਮੇਂ ਸਿਰ ਮੁਕੰਮਲ ਕਰ ਲਿਆ ਜਾਵੇ। ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨੇ ਅੱਗੇ ਕਿਹਾ ਕਿ ਆਗਾਮੀ ਮਾਨਸੂਨ ਦੌਰਾਨ ਭਾਰੀ ਮੀਂਹ ਕਾਰਨ ਸੰਭਾਵੀ ਹੜ੍ਹਾਂ ਦੇ ਮੱਦੇਨਜ਼ਰ ਜ਼ਿਲ੍ਹਾ ਪੱਧਰ ’ਤੇ ਫਲੱਡ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜਿਸ ਦਾ ਨੰਬਰ 01632-244017 ਹੈ ਅਤੇ ਇਹ 24 ਘੰਟੇ ਕਾਰਜਸ਼ੀਲ ਰਹੇਗਾ।

# ਪੰਜਾਬ ਦੇ ਨੌਜਵਾਨਾਂ ਦੀ ਆਰਥਿਕ ਅਸੁਰੱਖਿਆ ਵੱਲ ਤੁਰੰਤ ਧਿਆਨ ਦੇਣ ਦੀ ਲੋੜ : ਕੇਵਲ ਸਿੰਘ ਢਿੱਲੋਂ

**ਕੌਮੀ ਪਤ੍ਰਿਕਾ**

ਚੰਡੀਗੜ੍ਹ 1 ਜੁਲਾਈ। ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਵਿਸ਼ਵ ਬੈਂਕ ਸਮੂਹ ਦੇ ਪ੍ਰਧਾਨ ਅਜੈ ਬੰਗਾ ਨੂੰ ਪੱਤਰ ਲਿਖ ਕੇ ਪੰਜਾਬ ਦੀ ਪੇਂਡੂ ਅਰਥ ਵਿਵਸਥਾ ਬਾਰੇ ਉਨ੍ਹਾਂ ਦੀਆਂ ਹਾਲੀਆ ਟਿੱਪਣੀਆਂ ’ਤੇ ਆਪਣਾ ਮਤ ਦਿੱਤਾ ਹੈ। ਆਪਣੇ ਪੱਤਰ ’ਚ ਢਿੱਲੋਂ ਨੇ ਕਿਹਾ ਕਿ ਅਜੈ ਬੰਗਾ ਦੇ ਵਿਚਾਰਾਂ ਨੇ ਪੰਜਾਬ ਦੀਆਂ ਆਰਥਿਕ ਹਕੀਕਤਾਂ ਬਾਰੇ ਇੱਕ ਮਹੱਤਵਪੂਰਨ ਚਰਚਾ ਨੂੰ ਜਨਮ ਦਿੱਤਾ ਹੈ, ਅਜਿਹੀ ਚਰਚਾ ਜੋ ਰਾਜਨੀਤਿਕ ਦੋਸ਼ਾਰੋਪਣ ਦੀ ਬਜਾਏ ਗੰਭੀਰ ਅਤੇ ਵਿਚਾਰਸ਼ੀਲ ਸੰਵਾਦ ਦੀ ਮੰਗ ਕਰਦੀ ਹੈ। ਅਜੈ ਬੰਗਾ ਦੀਆਂ ਟਿੱਪਣੀਆਂ ਦਾ ਜ਼ਿਕਰ ਕਰਦਿਆਂ ਢਿੱਲੋਂ ਨੇ ਕਿਹਾ ਕਿ ਅਜੈ ਬੰਗਾ ਨੇ ਪੰਜਾਬ ਦੇ ਨੌਜਵਾਨਾਂ ਦੀ ਆਰਥਿਕ ਅਸੁਰੱਖਿਆ ਨੂੰ ਉਜਾਗਰ ਕੀਤਾ ਹੈ ਅਤੇ ਚਿਤਾਵਨੀ ਦਿੱਤੀ ਹੈ ਕਿ ਜ਼ਮੀਨ ਵੇਚ ਕੇ ਮਿਲਣ ਵਾਲੀ ਇਕਮੁਸ਼ਤ ਦੌਲਤ, ਟਿਕਾਊ ਰੁਜ਼ਗਾਰ ਅਤੇ ਪੇਂਡੂ ਖੇਤਰਾਂ ਦੇ ਲੰਬੇ ਸਮੇਂ ਦੇ ਬਦਲਾਅ ਦਾ ਬਦਲ ਨਹੀਂ ਬਣ



ਸਕਦੀ। ਢਿੱਲੋਂ ਨੇ ਕਿਹਾ ਕਿ ਇਹ ਮੁਲਾਂਕਣ ਜ਼ਮੀਨੀ ਹਕੀਕਤ ਨੂੰ ਦਰਸਾਉਂਦਾ ਹੈ, ਜਿਸ ਨੂੰ ਭਾਰਤੀ ਜਨਤਾ ਪਾਰਟੀ ਪੰਜਾਬ ਲਗਾਤਾਰ ਉਠਾਉਂਦੀ ਆ ਰਹੀ ਹੈ ਅਤੇ ਜਿਸ ਵੱਲ ਰਾਜ ਸਰਕਾਰ ਨੂੰ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ। ਢਿੱਲੋਂ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੇ ਪੇਂਡੂ ਪਰਿਵਾਰਾਂ ਸਾਹਮਣੇ ਮੌਜੂਦ ਚੁਣੌਤੀਆਂ ਨੂੰ ਸੰਕੁਚਿਤ ਧਾਰਣਾਵਾਂ ਤੱਕ ਸੀਮਤ ਨਹੀਂ ਕੀਤਾ ਜਾਣਾ ਚਾਹੀਦਾ, ਸਗੋਂ ਉਨ੍ਹਾਂ ਨੂੰ ਪੇਂਡੂ ਸਮਾਜ ’ਚ ਚੱਲ ਰਹੇ ਡੂੰਘੇ ਆਰਥਿਕ ਅਤੇ ਸਮਾਜਿਕ ਬਦਲਾਵਾਂ ਦੇ ਸੰਦਰਭ ਵਿੱਚ ਸਮਝਣਾ ਚਾਹੀਦਾ ਹੈ। ਅਜਿਹੇ ਬਦਲਾਅ ਜਿਨ੍ਹਾਂ ਨਾਲ ਨਜਿੱਠਣ ਲਈ ਰਾਜ ਪੱਧਰ ’ਤੇ ਰਾਜਨੀਤਿਕ ਇੱਛਾ-ਸ਼ਕਤੀ ਅਤੇ ਪ੍ਰਸ਼ਾਸਨਿਕ ਕਾਰਵਾਈ ਦੀ ਲੋੜ ਹੈ। ਢਿੱਲੋਂ ਨੇ ਕਿਹਾ ਕਿ ਪੰਜਾਬ ਨੇ ਪੀੜ੍ਹੀਆਂ ਤੱਕ ਭਾਰਤ ਦੀ ਖਾਦ ਸੁਰੱਖਿਆ ਯਕੀਨੀ ਬਣਾਉਣ ’ਚ ਇਤਿਹਾਸਕ ਭੂਮਿਕਾ ਨਿਭਾਈ ਹੈ, ਜਿਸ ਲਈ ਉਸ ਨੇ ਨਿੱਜੀ, ਸਮਾਜਿਕ ਅਤੇ ਵਾਤਾਵਰਣ ਪੱਧਰ ’ਤੇ ਵੱਡੀ ਕੀਮਤ ਚੁਕਾਈ ਹੈ। ਉਨ੍ਹਾਂ ਕਿਹਾ ਕਿ ਦੇਸ਼ ਪ੍ਰਤੀ ਪੰਜਾਬ ਦੇ ਯੋਗਦਾਨ ਨੂੰ ਸਨਮਾਨ, ਸੰਵੇਦਨਸ਼ੀਲਤਾ ਅਤੇ ਫ਼ੈਸਲਾਕੁੰਨ ਕਾਰਵਾਈ ਮਿਲਣੀ ਚਾਹੀਦੀ ਹੈ, ਨਾ ਕਿ ਅਜਿਹੀ ਆਮ ਆਦਮੀ ਪਾਰਟੀ ਸਰਕਾਰ ਦੀ ਚੁੱਪੀ, ਜੋ ਆਪਣੇ ਵਾਅਦੇ ਪੂਰੇ ਕਰਨ ਵਿੱਚ ਅਸਫਲ ਰਹੀ ਹੈ। ਢਿੱਲੋਂ ਨੇ ਕਿਹਾ ਕਿ ਪੰਜਾਬ ਦੇ ਪਰਿਵਾਰ ਕਿਸੇ ਨਿੱਜੀ ਸੰਕਟ ਨਾਲ ਇਕੱਲੇ ਨਹੀਂ ਜੂਝ ਰਹੇ, ਸਗੋਂ ਉਹ ਇੱਕ ਵੱਡੇ ਆਰਥਿਕ ਬਦਲਾਅ ਦੇ ਦੌਰ ਵਿੱਚੋਂ ਗੁਜ਼ਰ ਰਹੇ ਹਨ। ਕਈ ਪੇਂਡੂ ਭਾਈਚਾਰੇ ਰਵਾਇਤੀ ਖੇਤੀ ਪ੍ਰਣਾਲੀ ਤੋਂ ਦੂਰ ਹੋ ਰਹੇ ਹਨ, ਪਰ ਉਨ੍ਹਾਂ ਕੋਲ ਵਿਕਲਪੀ ਰੁਜ਼ਗਾਰ, ਹੁਨਰ ਵਿਕਾਸ ਦੇ ਮੌਕੇ ਜਾਂ ਵਿੱਤੀ ਸਹਾਇਤਾ ਦੇ ਸਾਧਨ ਨਹੀਂ ਹਨ। ਇਹ ਸ਼ਾਸਨ ਦੀ ਨਾਕਾਮੀ ਹੈ। ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਬਾਰੇ ਢਿੱਲੋਂ ਨੇ ਇਸ ਬੁਰਾਈ ਨੂੰ ਖ਼ਤਮ ਕਰਨ ਲਈ ਭਾਰਤੀ ਜਨਤਾ ਪਾਰਟੀ ਦੀ ਦ੍ਰਿੜ ਵਚਨਬੱਧਤਾ ਦੁਹਰਾਈ। ਉਨ੍ਹਾਂ ਕਿਹਾ ਕਿ ਪਾਰਟੀ ਇਸ ਮੁੱਦੇ ਨੂੰ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਸਮਾਜਿਕ ਜ਼ਿੰਮੇਵਾਰੀ ਵਜੋਂ ਦੇਖਦੀ ਹੈ, ਜਿਸ ਲਈ ਮਜ਼ਬੂਤ ਕਾਨੂੰਨ ਲਾਗੂਕਰਨ, ਨਸ਼ਾ ਮੁਕਤੀ ਸਹਾਇਤਾ ਅਤੇ ਭਾਈਚਾਰਕ ਭਾਗੀਦਾਰੀ ਲਾਜ਼ਮੀ ਹੈ।